# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 98772-46588, +1 (418) 887-0162

Epaper World Punjabi Times 10 ਮਾਰਚ 2024 ਦਿਨ ਐਤਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਕਿਸਾਨ ਮਜ਼ਦੂਰ ਮੋਰਚਾ , ਸੰਯੁਕਤ ਕਿਸਾਨ ਮੋਰਚਾ ( ਗੈਰਰਾਜਨੀਤਿਕ) ਦੇ ਸਦੇ ਤੇ ਤਰਨ ਤਾਰਨ ਰੇਲਵੇ ਸਟੇਸ਼ਨ ਤੇ ਰੋਕੀਆਂ ਗਈਆਂ ਰੇਲਾਂ, ਸਰਕਾਰ ਦੇਵੇ ਕਿਸਾਨਾਂ ਦੀਆਂ ਮੰਗਾਂ ਵੱਲ ਧਿਆਨ, ਨਹੀ ਤਾ ਸੰਘਰਸ਼ ਹੋਣਗੇ ਹੋਰ ਤੇਜ਼ :- ਪੰਨੂ , ਸਿੱਧਵਾਂ

ਵਰਲਡ ਪੰਜਾਬੀ ਟਾਈਮਜ਼

ਨਨਕਾਣਾ ਸਾਹਿਬ: 9 ਮਾਰਚ : ਵਰਲਡ ਪੰਜਾਬੀ ਕਾਂਗਰਸ ਵੱਲੋਂ ਸਹਿਜਪ੍ਰੀਤ ਸਿੰਘ ਮਾਂਗਟ ਦੀ ਅਗਵਾਈ ਹੇਠ ਲਾਹੌਰ (ਪਾਕਿਸਤਾਨ) ਗਏ ਪੰਜਾਬੀ ਲੇਖਕਾਂ ਦੇ ਵਿਸ਼ਾਲ ਵਫ਼ਦ ਵੱਲੋਂ ਅੱਜ ਨਨਕਾਣਾ ਸਾਹਿਬ ਵਿਖੇ ਮੱਥਾ ਟੇਕਣ ਉਪਰੰਤ ਸ਼ਹੀਦੀ ਜੰਡ ਹੇਠ ਇਸਤਰੀ ਦਿਵਸ ਨੂੰ ਸਮਰਪਿਤ ਕਵੀ ਦਰਬਾਰ ਕੀਤਾ ਗਿਆ।

ਜ਼ਿਲ੍ਹਾ ਨਨਕਾਣਾ ਸਾਹਿਬ ਪ੍ਰਸ਼ਾਸਨ ਤੇ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੁੱਖ ਦਰਵਾਜ਼ੇ ਤੇ ਕੀਤੇ ਸੁਆਗਤ ਉਪਰੰਤ ਸਭ ਨੇ ਮੱਥਾ ਟੇਕਿਆ, ਸਰੋਵਰ ਵਿੱਚ ਇਸ਼ਨਾਨ ਕੀਤਾ। ਨਨਕਾਣਾ ਸਾਹਿਬ ਦੇ ਹੈੱਡ ਗਰੰਥੀ ਭਾਈ ਦਯਾ ਸਿੰਘ ਜੀ ਨੇ ਵਫ਼ਦ ਵੱਲੋਂ ਸਰਬੱਤ ਦੇ ਭਲੇ ਲਈ ਕਰਵਾਈ ਅਰਦਾਸ ਕੀਤੀ।



ਇਸ ਮੌਕੇ ਸੰਗਤਾ ਨੂੰ ਸੰਬੋਧਨ ਕਰਦਿਆਂ ਵਰਲਡ ਪੰਜਾਬੀ ਕਾਂਗਰਸ ਦੇ ਮੀਤ ਪ੍ਰਧਾਨ(ਭਾਰਤੀ ਇਕਾਈ) ਪ੍ਰੋ: ਗੁਰਭਜਨ ਸਿੰਘ ਗਿੱਲ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਨਕਾਣਾ ਸਾਹਿਬ ਵਿੱਚ ਪੈਦਾ ਹੋਏ ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਇਹੀ ਹੈ ਕਿ ਸਰਬੱਤ ਦਾ ਭਲਾ ਮੰਗਿਆ ਜਾਵੇ। ਇਸ ਵਿੱਚ ਸਿਰਫ਼ ਮਨੁੱਖ ਮਾਤਰ ਹੀ ਨਹੀਂ ਸਗੋਂ ਜਲਚਰ, ਨਭਚਰ ਤੇ ਵਣ ਤ੍ਰਿਣ ਵੀ ਸ਼ਾਮਿਲ ਹੈ। ਕੁੱਲ ਪ੍ਰਕਿਰਤੀ ਦੀ ਸਲਾਮਤੀ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਹੈ। ਇਸ ਮੌਕੇ ਸ਼ਹੀਦੀ ਜੰਡ ਨੂੰ ਵੀ ਪ੍ਰੋ: ਗਿੱਲ ਨੇ ਚੇਤੇ ਕਰਦਿਆ ਸ਼ਹੀਦ ਭਾਈ ਲਛਮਣ ਸਿੰਘ ਧਾਰੋਵਾਲੀ ਤੇ ਭਾਈ ਦਲੀਪ ਸਿੰਘ ਸਾਹੋਵਾਲਾ ਚੀਮਾ(ਸਿਆਲਕੋਟ)ਤੇ ਸਾਥੀਆਂ ਦੀ ਸ਼ਹਾਦਤ ਨੂੰ ਚਿਤਵਦਿਆ ਸਿਰ ਝੁਕਾਇਆ।

ਵਫਦ ਦੇ ਸਮੂਹ ਮੈਂਬਰ ਸਾਹਿਬਾਨ ਨੇ ਸ਼ਹੀਦੀ ਜੰਡ ਹੇਠ ਬੈਠ ਕੇ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ "ਸੋ ਕਿਉਂ ਮੰਦਾ ਆਖੀਏ, ਜਿਤ ਜੰਮਹਿ ਰਾਜਾਨ"ਨੂੰ ਸਮਰਪਿਤ ਕਵੀ ਦਰਬਾਰ ਕੀਤਾ ਗਿਆ ਜਿਸ ਦਾ ਆਰੰਭ ਪ੍ਰਸਿੱਧ ਲੋਕ ਗਾਇਕ ਰਵਿੰਦਰ ਗਰੇਵਾਲ ਨੇ ਕੀਤਾ। ਗੁਰਭਜਨ ਗਿੱਲ, ਜੰਗ ਬਹਾਦਰ ਗੋਇਲ,ਸਹਿਜਪ੍ਰੀਤ ਸਿੰਘ ਮਾਂਗਟ, ਹਰਵਿੰਦਰ ਚੰਡੀਗੜ੍ਹ, ਡਾ. ਸੁਗਰਾ ਸੱਦਫ,ਡਾ. ਗੁਰਚਰਨ ਕੌਰ ਕੋਚਰ, ਡਾ, ਨਵਰੂਪ ਕੌਰ, ਕਮਲ ਦੋਸਾਂਝ ਸੁਸ਼ੀਲ ਦੋਸਾਂਝ ਤੇ ਹੋਰਨਾਂ ਨੇ ਆਪੋ ਆਪਣੇ ਬੋਲਾਂ ਨਾਲ ਸ਼ਰਧਾ ਦੇ ਫੁੱਲ ਭੇਂਟ ਕੀਤੇ।

ਇਸ ਉਪਰੰਤ ਦਯਾਲ ਸਿੰਘ ਆਰਟ ਐਡ ਕਲਚਰ ਸੰਸਥਾ ਦੇ ਡਾਇਰੈਕਟਰ ਡਾ. ਰਜ਼ਾਕ ਸ਼ਾਹਿਦ, ਸੁਗਰਾ ਸੱਦਫ ਤੇ ਸਹਿਜਪ੍ਰੀਤ ਸਿੰਘ ਮਾਂਗਟ ਨੇ ਸੰਬੋਧਨ ਕੀਤਾ। ਨਨਕਾਣਾ ਸਾਹਿਬ ਦੇ ਦਰਸ਼ਨ ਕਰਨ ਵਾਲਿਆਂ ਵਿੱਚ ਉੱਘੇ ਲੇਖਕ ਤੇ ਸਾਬਕਾ ਆਈ ਏ ਐੱਸ ਅਧਿਕਾਰੀ ਜੰਗ ਬਹਾਦਰ ਗੋਇਲ,ਡਾ: ਗੁਰਇਕਬਾਲ ਸਿੰਘ ਜਨਰਲ ਸਕੱਤਰ, ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ, ਫਿਲਮ ਅਦਾਕਾਰਾ ਡਾ. ਸੁਨੀਤਾ ਧੀਰ, ਅਨੀਤਾ ਸ਼ਬਦੀਸ਼, ਮਾਧਵੀ ਕਟਾਰੀਆ ਰੀਟਾਇਰਡ ਆਈ ਏ ਐੱਸ,ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਗੁਰਤੇਜ ਕੋਹਾਰਵਾਲਾ ,ਸਵੈਰਾਜ ਸਿੰਘ ਸੰਧੂ , ਪ੍ਰੋਫੈਸਰ ਨਵਰੂਪ ਕੌਰ, ਸ਼ਬਦੀਸ਼,ਤਰਸਪਾਲ ਕੌਰ, ਬੀ ਬੀ ਸੀ ਦੇ ਪੇਸ਼ਕਾਰ ਸੁਨੀਲ ਕਟਾਰੀਆ, ਪੱਤਰਕਾਰ ਸ਼ਿਵ ਇੰਦਰ ਸਿੰਘ , ਡਾ, ਸਵੈਰਾਜ ਸੰਧੂ , ਗੁਰਤੇਜ ਕੋਹਾਰਵਾਲਾ , ਦਲਜੀਤ ਸਿੰਘ ਸ਼ਾਹੀ, ਖਾਲਿਦ ਐਜਾਜ ਮੁਫਤੀ, ਮਨਜੀਤ ਕੌਰ ਪੱਡਾ, ਅਜ਼ੀਮ ਸ਼ੇਖਰ,ਬਲਕਾਰ ਸਿੰਘ ਸਿੱਧੂ, ਡਾ. ਰਤਨ ਸਿੰਘ ਢਿੱਲੋਂ, ਸੁਖਵਿੰਦਰ ਸਿੰਘ ਮਾਨ, ਸੁਖਦੇਵ ਸਿੰਘ ਗਰੇਵਾਲ ਯੂ ਐੱਸ ਏ, ਸ਼ੇਖ ਅੱਯਾਜ਼,ਸਰਬਜੀਤ ਕੌਰ, ਗੁਰਚਰਨ ਕੌਰ ਕੋਛੜ, ਡਾ, ਭਾਰਤਬੀਰ ਕੌਰ ਸੰਧੂ,ਸਿਮਰਨ ਅਕਸ, ਬਲਵਿੰਦਰ ਸਿੰਘ ਸੰਧੂ,ਦਰਸ਼ਨ ਬੁੱਟਰ, ਭੁਪਿੰਦਰ ਕੌਰ ਪ੍ਰੀਤ, ਰਵਿੰਦਰ ਰਵੀ, ਜਸਦੇਵ ਸਿੰਘ ਸੇਖੋਂ, ਡਾ. ਮੁਹੰਮਦ ਖਾਲਿਦ, ਡਾ. ਗੁਰਦੀਪ ਕੌਰ ਦਿੱਲੀ, ਸੁਖਵਿੰਦਰ ਅੰਮ੍ਰਿਤ, ਸਰਬਜੀਤ ਕੌਰ ਜੱਸ,ਡਾ. ਨੀਲਮ ਗੋਇਲ, ਜਗਦੀਪ ਸਿੱਧੂ, ਜੈਨਿੰਦਰ ਚੌਹਾਨ, ਰਾਜਵੰਤ ਕੌਰ ਬਾਜਵਾ,ਡਾ, ਜਸਵਿੰਦਰ ਕੌਰ ਮਾਂਗਟ, ਜਸਵਿੰਦਰ ਕੌਰ ਗਿੱਲ, ਆਦਿ ਸ਼ਾਮਿਲ ਸਨ ।ਇਹ ਵਫ਼ਦ ਕੱਲ੍ਹ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਵੀ ਦਰਸ਼ਨਾਂ ਲਈ ਜਾਵੇਗਾ।

## ਪ੍ਰੀਗੈਬਲਿਨ ਦਵਾਈ ਦੀ ਵਿਕਰੀ ਉੱਤੇ ਮੁਕੰਮਲ ਪਾਬੰਦੀ : ਜ਼ਿਲ੍ਹਾ ਮੈਜਿਸਟ੍ਰੇਟ

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ



ਬਠਿੰਡਾ, 10 ਮਾਰਚ: ਜ਼ਿਲ੍ਹਾ ਮੈਜਿਸਟ੍ਰੇਟ ਸ. ਜਸਪ੍ਰੀਤ ਸਿੰਘ ਵੱਲੋਂ ਫੌਜਦਾਰੀ ਸੰਘਤਾ 1973 ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੁਕਮ ਜਾਰੀ ਕੀਤੇ ਹਨ ਕਿ ਜ਼ਿਲ੍ਹੇ ਵਿੱਚ Pregabalin 75 ਐਮ.ਜੀ. ਦੇ ਕੈਪਸੂਲ/ਟੇਬਲੇਟਸ ਦੀ ਵਿਕਰੀ 'ਤੇ ਮੁਕੰਮਲ ਤੌਰ ਪਾਬੰਦੀ ਲਗਾਈ ਹੈ। ਉਨ੍ਹਾਂ ਨਿਰਦੇਸ਼ ਦਿੱਤੇ ਕਿ ਕੈਮਿਸਟ ਵੱਲੋਂ ਦਵਾਈ ਦੇਣ ਸਮੇਂ ਪ੍ਰਿਸਕ੍ਰਿਪਸ਼ਨ ਸਲਿੱਪ 'ਤੇ ਆਪਣੀ ਮੋਹਰ ਲਗਾਈ ਜਾਵੇਗੀ ਅਤੇ ਦਵਾਈ ਦੇਣ ਦੀ ਮਿਤੀ ਦਰਜ ਕੀਤੀ ਜਾਵੇਗੀ।

ਜਾਰੀ ਹੁਕਮ ਅਨੁਸਾਰ ਸਿਵਲ ਸਰਜਨ ਬਠਿੰਡਾ ਦੇ ਪੱਤਰ ਉੱਤੇ ਕੀਤੀ ਗਈ ਕਾਰਵਾਈ ਸਬੰਧੀ ਜਾਰੀ ਕੀਤਾ ਗਿਆ ਹੈ। ਸਿਵਲ ਸਰਜਨ ਨੇ ਆਪਣੀ ਰਿਪੋਰਟ 'ਚ ਦੱਸਿਆ ਹੈ ਕਿ ਕੈਪਸੂਲ ਦਾ ਆਮ ਲੋਕਾਂ ਵੱਲੋਂ ਮੈਡੀਕਲ ਨਸ਼ੇ ਵਜੋਂ ਸੇਵਨ ਕੀਤਾ ਜਾ ਰਿਹਾ ਹੈ। ਉਨ੍ਹਾਂ ਵੱਲੋਂ ਕੈਪਸੂਲ ਦੀ ਵਿਕਰੀ 'ਤੇ ਧਾਰਾ 144 ਸੀ.ਆਰ.ਪੀ.ਸੀ ਤਹਿਤ ਮੁਕੰਮਲ ਤੌਰ ਪਾਬੰਦੀ ਲਗਾਉਣ ਦੀ ਮੰਗ ਕੀਤੀ ਗਈ।

ਜਾਰੀ ਹੁਕਮ ਅਨੁਸਾਰ ਥੋਕ ਵਿਕਰੇਤਾ, ਪ੍ਰਚੂਨ ਵਿਕਰੇਤਾ, ਕੈਮਿਸਟ/ਮੈਡੀਕਲ ਸਟੋਰ ਦੇ ਮਾਲਕ, ਹਸਪਤਾਲਾਂ ਦੇ ਅੰਦਰ ਫਾਰਮੇਸੀਆਂ ਜਾਂ ਕੋਈ ਹੋਰ ਵਿਅਕਤੀ ਪ੍ਰੀਗਬਾਲਿਨ 75 ਮਿਲੀਗ੍ਰਾਮ ਦੀ ਅਸਲ ਪਰਚੀ ਤੋਂ ਬਿਨਾਂ ਨਹੀਂ ਵੇਚੇਗਾ। ਪ੍ਰੀਗਾਬਾਲਿਨ (75 ਮਿਲੀਗ੍ਰਾਮ ਤੱਕ) ਦੀ ਖਰੀਦ ਅਤੇ ਵਿਕਰੀ ਦਾ ਸਹੀ ਰਿਕਾਰਡ ਰੱਖਣ ਤੋਂ ਇਲਾਵਾ, ਉਹ ਇਨ੍ਹਾਂ ਵੇਰਵਿਆਂ ਕੈਮਿਸਟ/ਰਿਟੇਲਰ ਦਾ ਵਪਾਰਕ ਨਾਮ, ਵੰਡਣ ਦੀ ਮਿਤੀ, ਵੰਡੀਆਂ ਗਈਆਂ ਗੋਲੀਆਂ ਦੀ ਸੰਖਿਆ ਵਾਲੀ ਅਸਲ ਪਰਚੀ 'ਤੇ ਮੋਹਰ ਵੀ ਲਗਾਉਣਾ ਯਕੀਨੀ ਬਣਾਉਣਗੇ।

ਹੁਕਮ ਅਨੁਸਾਰ ਥੋਕ ਵਿਕਰੇਤਾ, ਪ੍ਰਚੂਨ ਵਿਕਰੇਤਾ, ਕੈਮਿਸਟ/ਮੈਡੀਕਲ ਸਟੋਰ ਦੇ ਮਾਲਕ, ਹਸਪਤਾਲਾਂ ਦੇ ਅੰਦਰ ਫਾਰਮੇਸੀਆਂ ਵਾਲੇ ਸਲਿੱਪ ਦੀ ਸਹੀ ਪੜਚੋਲ ਕਰਕੇ ਇਹ ਯਕੀਨੀ ਬਣਾਉਣਗੇ ਕਿ ਪ੍ਰੀਗਾਬਾਲਿਨ ਕੈਪਸੂਲ/ਟੈਬਲੇਟ ਦੀ ਅਸਲ ਸਲਿੱਪ ਦੇ ਵਿਰੁੱਧ ਪਹਿਲਾਂ ਕਿਸੇ ਹੋਰ ਡਰੱਗ ਵਿਕਰੇਤਾ ਦੁਆਰਾ ਉਪਰੋਕਤ ਕੈਪਸੂਲ ਨਹੀਂ ਦਿੱਤਾ ਗਿਆ ਹੈ। ਉਹ ਇਹ ਵੀ ਯਕੀਨੀ ਬਣਾਉਣਗੇ ਕਿ ਦਿੱਤੀਆਂ ਜਾ ਰਹੀਆਂ ਗੋਲੀਆਂ/ਕੈਪਸੂਲ ਦੀ ਗਿਣਤੀ ਸਲਿੱਪ ਤੇ ਲਿਖੇ ਮਿਆਦ ਤੋਂ ਵੱਧ ਨਹੀਂ ਹੋਣੀਆਂ ਚਾਹੀਦੀਆ। ਹੁਕਮ ਦੀ ਕਿਸੇ ਵੀ ਉਲੰਘਣਾ 'ਤੇ ਭਾਰਤੀ ਦੰਡਾਵਲੀ, 1860 ਦੀ ਧਾਰਾ 188 ਅਨੁਸਾਰ ਸਖ਼ਤੀ ਨਾਲ ਨਜਿੱਠਿਆ ਜਾਵੇਗਾ। ਇਹ ਹੁਕਮ 3 ਮਈ 2024 ਤੱਕ ਲਾਗੂ ਰਹੇਗਾ।

## ਕਾਮਯਾਬ ਰਿਹਾ ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਕਰਵਾਇਆ ਗਿਆ ਅੰਤਰਰਾਸ਼ਟਰੀ ਨਾਰੀ ਕਵਿਤਾ ਦਰਬਾਰ

ਵਰਲਡ ਪੰਜਾਬੀ ਟਾਈਮਜ਼ ਅੰਜੂ ਅਮਨਦੀਪ ਗਰੋਵਰ




ਲੁਧਿਆਣਾ 10 ਮਾਰਚ: ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਦੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਅੰਤਰਰਾਸ਼ਟਰੀ ਨਾਰੀ ਕਵਿਤਾ ਦਰਬਾਰ ਦਾ ਆਯੋਜਨ ਕਰਵਾਇਆ ਗਿਆ। ਜਿਸ ਦੀ ਪ੍ਰਧਾਨਗੀ ਕੁਲਵੰਤ ਕੌਰ ਢਿੱਲੋਂ ਪ੍ਰਧਾਨ ਪੰਜਾਬੀ ਸਾਹਿਤ ਕਲਾ ਕੇਂਦਰ ਸਾਊਥਾਲ, ਯੂ. ਕੇ. ਵੱਲੋਂ ਕੀਤੀ ਗਈ ਤੇ ਵਿਸ਼ੇਸ਼ ਮਹਿਮਾਨ ਮਹਿਮਾਨ ਵਜੋਂ ਡਾ. ਚਰਨਜੀਤ ਕੌਰ ਬਰਾੜ ਪ੍ਰੋਫ਼ੈਸਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਸ਼ਿਰਕਤ ਕੀਤੀ। ਯੂਰਪ ਦੇ ਵੱਖ-ਵੱਖ ਮੁਲਕਾਂ ਤੋਂ ਕਵਿੱਤਰੀਆਂ ਨੇ ਆਨਲਾਈਨ ਆਪਣੀਆਂ ਨਜ਼ਮਾਂ ਸਾਂਝੀਆਂ ਕੀਤੀਆਂ ਜਿਨ੍ਹਾਂ ਵਿਚ ਦਲਵੀਰ ਕੌਰ (ਯੂ.ਕੇ.), ਨੀਲੂ ਜਰਮਨੀ (ਜਰਮਨੀ), ਨੁਜ਼ਹਤ ਅੱਬਾਸ (ਯੂ.ਕੇ.),ਗੁਰਪ੍ਰੀਤ ਗਾਇਦੂ (ਗਰੀਸ), ਗੁਰਮੇਲ ਕੌਰ ਸੰਘਾ (ਯੂ.ਕੇ.), ਜੀਤ ਸੁਰਜੀਤ (ਬੈਲਜ਼ੀਅਮ), ਭਿੰਦਰ ਜਲਾਲਾਬਾਦੀ (ਯੂ.ਕੇ.), ਸਤਵੀਰ ਸਾਂਝ (ਇਟਲੀ), ਸੋਨੀਆ ਪਾਲ (ਯੂ.ਕੇ.), ਕਰਮਜੀਤ ਕੌਰ ਰਾਣਾ (ਇਟਲੀ) ਪ੍ਰੋਗਰਾਮ ਦੇ ਆਰੰਭ ਵਿਚ ਡਾ. ਰਜਿੰਦਰ ਕੌਰ ਮਲਹੋਤਰਾ ਵਾਈਸ ਪ੍ਰਿੰਸੀਪਲ ਅਤੇ ਮੁੱਖੀ ਹਿੰਦੀ ਵਿਭਾਗ ਨੇ ਸਭ ਨੂੰ ਰਸਮੀ ਤੌਰ 'ਤੇ ਜੀ ਆਇਆਂ ਕਿਹਾ ਉਨ੍ਹਾਂ ਨੇ ਕਿਹਾ ਕਿ ਔਰਤ ਨੂੰ ਕੁਦਰਤ ਨੇ ਵਿਲੱਖਣ ਸ਼ਕਤੀ ਤੇ ਸਮਰੱਥਾ ਨਾਲ ਨਿਵਾਜਿਆ ਹੈ। ਹਰ ਔਰਤ ਦਾ ਇਹ ਫ਼ਰਜ਼ ਹੈ ਕਿ ਉਹ ਜ਼ਿੰਮੇਵਾਰੀਆਂ ਨੂੰ ਨਿਭਾਉਂਦੀ ਹੋਈ ਰਿਸ਼ਤਿਆਂ ਦੀ ਆਭਾ ਨੂੰ ਬਰਕਰਾਰ ਰੱਖੇ।

ਕੁਲਵੰਤ ਕੌਰ ਢਿੱਲੋਂ ਨੇ ਆਪਣਾ ਪ੍ਰਧਾਨਗੀ ਭਾਸ਼ਣ ਸਾਂਝੇ ਕਰਦੇ ਹੋਏ ਵਿਸ਼ਵ ਭਰ ਵਿਚ ਔਰਤਾਂ ਨੂੰ ਦਰਪੇਸ਼ ਸਾਂਝੀਆਂ ਸਮੱਸਿਆਵਾਂ ਦਾ ਜ਼ਿਕਰ ਕੀਤਾ ਉਨ੍ਹਾਂ ਨੇ ਕਿਹਾ ਉਚੇਰੀ ਸਿੱਖਿਆ ਤੇ ਸਵੈ ਨਿਰਭਰਤਾ ਅਨੇਕਾਂ ਸਮੱਸਿਆਵਾਂ ਦੇ ਹੱਲ ਲਈ ਮੱਦਦਗਾਰ ਹੈ। ਡਾ. ਚਰਨਜੀਤ ਕੌਰ ਬਰਾੜ ਨੇ ਇਸ ਮੌਕੇ ਔਰਤ ਦਿਵਸ ਦੇ ਇਤਿਹਾਸ ਤੇ ਔਰਤਾਂ ਵੱਲੋਂ ਆਰਥਿਕ, ਰਾਜਨੀਤਕ, ਸਮਾਜਿਕ ਹੱਕਾਂ ਲਈ ਕੀਤੀ ਲੰਬੀ ਜਦੋ-ਜਹਿਦ ਬਾਰੇ ਚਰਚਾ ਕੀਤੀ। ਉਨ੍ਹਾਂ ਨੇ ਅਜੋਕੀ ਔਰਤ ਨੂੰ ਘਰ, ਕੰਮ ਕਰਨ ਦੀਆਂ ਥਾਵਾਂ ਤੇ ਦਰਪੇਸ਼ ਚੁਣੌਤੀਆਂ ਬਾਰੇ ਵੀ ਗੱਲ ਕੀਤੀ। ਇਸ ਉਪਰੰਤ ਕਵੀ ਦਰਬਾਰ ਦਾ ਆਗਾਜ਼ ਹੋਇਆ, ਜਿਸ ਵਿਚ ਕਵਿੱਤਰੀਆ ਨੇ ਔਰਤਾਂ ਨਾਲ ਜੁੜੇ ਵਿਭਿੰਨ ਮਸਲਿਆ ਨੂੰ ਕਵਿਤਾਵਾਂ ਦੇ ਹਵਾਲੇ ਨਾਲ ਪੇਸ਼ ਕੀਤਾ। ਇਸ ਕਵਿਤਾ ਦਰਬਾਰ ਦਾ ਸੰਚਾਲਨ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੇ ਮੁੱਖੀ ਪ੍ਰੋ. ਸ਼ਰਨਜੀਤ ਕੌਰ ਵੱਲੋਂ ਕੀਤਾ ਗਿਆ। ਉਨ੍ਹਾਂ ਨੇ ਕਿਹਾ ਕਿ ਇਹ ਸਾਰੇ ਪ੍ਰੋਗਰਾਮ ਡਾ. ਸ. ਪ. ਸਿੰਘ ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਅਤੇ ਪ੍ਰਧਾਨ ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ, ਲੁਧਿਆਣਾ ਤੇ ਕਾਲਜ ਦੇ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਦੀ ਸੁਯੋਗ ਅਗਵਾਈ ਅਧੀਨ ਕੀਤੇ ਜਾਂਦੇ ਹਨ। ਕਵਿਤਾ ਦਰਬਾਰ ਦੇ ਅਖੀਰ 'ਤੇ ਪਰਵਾਸੀ ਸਾਹਿਤ ਅਧਿਐਨ ਦੇ ਕੋਆਰਡੀਨੇਟਰ ਡਾ. ਤੇਜਿੰਦਰ ਕੌਰ ਨੇ ਸਭ ਦਾ ਰਸਮੀ ਤੌਰ 'ਤੇ ਧੰਨਵਾਦ ਕੀਤਾ।

## ਪੰਜਾਬ ਦੀ ਕਿਸਾਨੀ ਤੇ ਜਵਾਨੀ ਨੂੰ ਸੰਭਾਲ ਕੇ ਰੱਖਣ ਲਈ ਸੂਬਾ ਸਰਕਾਰ ਵਚਨਵੱਧ ਤੇ ਯਤਨਸ਼ੀਲ : ਗੁਰਮੀਤ ਸਿੰਘ ਖੁੱਡੀਆਂ

### ਕਿਹਾ ਸੂਬੇ ਨੂੰ ਰੰਗਲਾ ਪੰਜਾਬ ਬਣਾਉਣਾ ਤੇ ਉਜੜਨ ਤੋਂ ਬਚਾਉਣਾ ਹੈ ਸਰਕਾਰ ਦੀ ਪਹਿਲ ਕਦਮੀ

### ਕਾਂਗੜ ਵਿਖੇ 15 ਕਰੋੜ ਦੀ ਲਾਗਤ ਵਾਲੇ ਆਲੂ ਕੋਲਡ ਸਟੋਰ ਦਾ ਕੀਤਾ ਉਦਘਾਟਨ

### ਗੜ੍ਹੇਮਾਰੀ ਵਾਲੇ ਖੇਤਾਂ ਦਾ ਦੌਰਾ ਕਰਕੇ ਕਿਸਾਨਾਂ ਨਾਲ ਕੀਤੀ ਗੱਲਬਾਤ

### ਸਪੈਸ਼ਲ ਗਿਰਦਾਵਰੀ ਦੇ ਦਿੱਤੇ ਅਧਿਕਾਰੀਆਂ ਨੂੰ ਨਿਰਦੇਸ਼

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ



ਕਾਂਗੜ (ਬਠਿੰਡਾ), 10 ਮਾਰਚ : ਮੁੱਖ ਮੰਤਰੀ ਪੰਜਾਬ ਸ. ਭਗਵੰਤ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵਲੋਂ ਪੰਜਾਬ ਨੂੰ ਮੁੜ ਤੋਂ "ਰੰਗਲਾ ਪੰਜਾਬ" ਬਣਾਉਣ ਲਈ ਵਿਸ਼ੇਸ਼ ਪਹਿਲਕਦਮੀਆਂ ਅਤੇ ਨਵੀਆਂ ਯੋਜਨਾਵਾਂ ਉਲੀਕੀਆਂ ਜਾ ਰਹੀਆਂ ਹਨ। ਇਸ ਤਹਿਤ ਪੰਜਾਬ ਦੀ ਕਿਸਾਨੀ ਤੇ ਜਵਾਨੀ ਨੂੰ ਸੰਭਾਲ ਕੇ ਰੱਖਣ ਲਈ ਸੂਬਾ ਸਰਕਾਰ ਪੂਰੀ ਤਰ੍ਹਾਂ ਵਚਨਵੱਧ ਤੇ ਯਤਨਸ਼ੀਲ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਜ਼ਿਲ੍ਹੇ ਅਧੀਨ ਪੈਂਦੇ ਪਿੰਡ ਕਾਂਗੜ ਵਿਖੇ 15 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਅਤੇ 5000 ਮੀਟਰਕ ਟਨ ਸਮਰੱਥਾ ਵਾਲੇ ਆਲੂ ਕੋਲਡ ਸਟੋਰ ਦਾ ਉਦਘਾਟਨ ਕਰਨ ਮੌਕੇ ਕੀਤਾ।

ਇਸ ਮੌਕੇ ਉਨ੍ਹਾਂ ਨਾਲ ਚੇਅਰਮੈਨ ਨਗਰ ਸੁਧਾਰ ਟਰਸਟ ਸ. ਜਤਿੰਦਰ ਭੱਲਾ ਤੇ ਚੇਅਰਮੈਨ ਪੰਜਾਬ ਐਗਰੀ ਐਕਸਪੋਰਟ ਸ੍ਰੀ ਮੰਗਲ ਸਿੰਘ ਬਾਸੀ ਵੀ ਵਿਸ਼ੇਸ਼ ਤੌਰ ਤੇ ਹਾਜ਼ਰ ਰਹੇ।

ਇਸ ਮੌਕੇ ਕੈਬਨਿਟ ਮੰਤਰੀ ਸ. ਖੁੱਡੀਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਸਿਹਤ ਅਤੇ ਸਿੱਖਿਆ ਦੇ ਖੇਤਰ ਤੋਂ ਇਲਾਵਾ ਵਿਕਾਸ ਕਾਰਜਾਂ ਵਿੱਚ ਕ੍ਰਾਂਤੀਕਾਰੀ ਤਬਦੀਲੀਆਂ ਲਿਆਂਦੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਸ ਕੋਲਡ ਸਟੋਰ ਦੇ ਚਾਲੂ ਹੋਣ ਨਾਲ ਇਸ ਖੇਤਰ ਦੇ ਆਲੂ ਉਤਪਾਦਕਾਂ ਨੂੰ ਬਹੁਤ ਫਾਇਦਾ ਹੋਵੇਗਾ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਹਮੇਸ਼ਾਂ ਹੀ ਕਿਸਾਨਾਂ ਦੇ ਨਾਲ ਖੜ੍ਹੀ ਹੈ।

ਇਸ ਮੌਕੇ ਕੈਬਨਿਟ ਮੰਤਰੀ ਸ. ਖੁੱਡੀਆਂ ਨੇ ਸੂਬਾ ਸਰਕਾਰ ਦੀਆਂ ਪ੍ਰਾਪਤੀਆਂ ਦਸਦੇ ਹੋਏ ਕਿਹਾ ਕਿ ਜੋ ਪਿਛਲੀਆਂ ਸਰਕਾਰਾਂ ਅਖੀਰਲੇ ਵਰਿਆਂ ਦੌਰਾਨ ਕਰਦੀਆਂ ਸਨ, ਉਹ ਮੁੱਖ ਮੰਤਰੀ ਸ. ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਪਹਿਲੇ ਵਰ੍ਹੇ ਚ ਹੀ ਕਰ ਦਿਖਾਇਆ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲੀ ਸਰਕਾਰ ਹੈ ਜਿਸ ਨੇ ਪ੍ਰਾਈਵੇਟ ਥਰਮਲ ਪਲਾਂਟ ਖਰੀਦ ਕੇ ਇਤਿਹਾਸ ਰਚਿਆ ਹੈ। ਉਨ੍ਹਾਂ ਕਿਹਾ ਕਿ ਮੁਫ਼ਤ ਬਿਜਲੀ ਤੋਂ ਇਲਾਵਾ, ਸਕੂਲ ਆਫ਼ ਐਮੀਨੈਂਸ, ਆਮ ਆਦਮੀ ਕਲੀਨਿਕ ਖੋਲ੍ਹ ਕੇ ਲੋਕਾਂ ਦੇ ਦਰਾਂ ਨੇੜੇ ਸਹੂਲਤਾਂ ਪ੍ਰਦਾਨ ਕਰਵਾਈਆਂ ਹਨ। ਇਸ ਤੋਂ ਇਲਾਵਾ ਆਪ ਸਰਕਾਰ ਆਪ ਦੇ ਦੁਆਰ ਤਹਿਤ ਸਪੈਸ਼ਲ ਕੈਂਪ ਲਗਾ ਕੇ ਇੱਕੋ ਛੱਤ ਹੇਠ ਆਮ ਲੋਕਾਂ ਨੂੰ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।

ਕੈਬਨਿਟ ਮੰਤਰੀ ਸ. ਖੁੱਡੀਆਂ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ 45 ਹਜ਼ਾਰ ਤੋਂ ਵਧੇਰੇ ਬੇਰੁਜ਼ਗਾਰ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਬਿਨ੍ਹਾਂ ਕਿਸੇ ਸਿਫ਼ਾਰਿਸ ਤੋਂ ਸਿਰਫ਼ ਮੈਰਿਟ ਦੇ ਆਧਾਰ ਤੇ ਮੁਹੱਈਆ ਕਰਵਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਦਾ ਸੁਪਨਾ ਪੂਰਾ ਕਰਨ ਲਈ ਅੱਗੇ ਵਧ ਰਹੀ ਹੈ।

ਇਸ ਉਪਰੰਤ ਕੈਬਨਿਟ ਮੰਤਰੀ ਸ. ਖੁੱਡੀਆਂ ਵੱਲੋਂ ਬੀਤੇ ਦਿਨੀਂ ਗੜ੍ਹੇਮਾਰੀ ਕਾਰਨ ਨੁਕਸਾਨੀਆਂ ਗਈਆਂ ਫ਼ਸਲਾਂ ਵਾਲੇ ਨੰਦਗੜ੍ਹ, ਬਾਜਕ, ਕਾਲਝਰਾਣੀ, ਚੱਕ ਅਤਰ ਸਿੰਘ ਆਦਿ ਪਿੰਡਾਂ ਦਾ ਦੌਰਾ ਕਰਕੇ ਕਿਸਾਨਾਂ ਨਾਲ ਗੱਲਬਾਤ ਕੀਤੀ ਅਤੇ ਕਿਸਾਨਾਂ ਨੂੰ ਹੌਂਸਲਾ ਦਵਾਇਆ ਕਿ ਸਰਕਾਰ ਹਮੇਸ਼ਾ ਉਨ੍ਹਾਂ ਦੇ ਨਾਲ ਖੜ੍ਹੀ ਹੈ। ਉਨ੍ਹਾਂ ਇਸ ਮੌਕੇ ਹਾਜ਼ਰੀਨ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਗੜ੍ਹੇਮਾਰੀ ਨਾਲ ਪ੍ਰਭਾਵਿਤ ਖੇਤਾਂ ਦੀ ਸਪੈਸ਼ਲ ਗਿਰਦਾਵਰੀ ਕਰਵਾਈ ਜਾਵੇ ਤਾਂ ਜੋ ਕਿਸਾਨਾਂ ਨੂੰ ਬਣਦਾ ਮੁਆਵਜ਼ਾ ਜਲਦ ਮੁਹੱਈਆ ਕਰਵਾਇਆ ਜਾ ਸਕੇ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਮੈਡਮ ਲਵਜੀਤ ਕਲਸੀ, ਉਪ ਮੰਡਲ ਮੈਜਿਸਟ੍ਰੇਟ ਰਾਮਪੁਰਾ ਫੂਲ ਕੰਵਰਜੀਤ ਸਿੰਘ, ਜਨਰਲ ਮੈਨੇਜਰ ਪੰਜਾਬ ਐਗਰੀ ਐਕਸਪੋਰਟ ਸ੍ਰੀ ਰਣਬੀਰ ਸਿੰਘ, ਸਹਾਇਕ ਮੈਨੇਜਰ ਪੰਜਾਬ ਐਗਰੀ ਐਕਸਪੋਰਟ ਗੁਰਪ੍ਰੀਤ ਸਿੰਘ, ਸਹਾਇਕ ਡਾਇਰੈਕਟਰ ਬਾਗਬਾਨੀ ਗੁਰਜਿੰਦਰ ਸਿੰਘ, ਬਲਾਕ ਖੇਤੀਬਾੜੀ ਅਫ਼ਸਰ ਬਲਜਿੰਦਰ ਸਿੰਘ ਤੇ ਮੁਖਤਆਰ ਸਿੰਘ, ਬਾਗਬਾਨੀ ਵਿਕਾਸ ਅਫ਼ਸਰ ਰਮਨਦੀਪ ਕੌਰ, ਖੇਤੀਬਾੜੀ ਵਿਸਥਾਰ ਅਫ਼ਸਰ ਸੁਖਜਿੰਦਰ ਸਿੰਘ ਤੋਂ ਇਲਾਵਾ ਵਿਧਾਇਕ ਬਲਕਾਰ ਸਿੰਘ ਸਿੱਧੂ ਦੀ ਸਮੁੱਚੀ ਟੀਮ ਵੀ ਵਿਸ਼ੇਸ਼ ਤੌਰ ਤੇ ਹਾਜ਼ਰ ਰਹੀ।

## ਲਾਹੌਰ ਵਿੱਚ ਵਿਸ਼ਵ ਪੰਜਾਬੀ ਕਾਨਫਰੰਸ ਵਿੱਚ ਹਿੱਸਾ ਲੈ ਕੇ ਲੇਖਕਾਂ ਤੇ ਬੁੱਧੀਜੀਵੀਆਂ ਦਾ 53 ਮੈਂਬਰੀ ਵਫ਼ਦ ਵਤਨ ਪਰਤਿਆ।

### ਸਹਿਜਪ੍ਰੀਤ ਸਿੰਘ ਮਾਂਗਟ ਤੇ ਸਾਥੀਆਂ ਵੱਲੋਂ ਲਹਿੰਦੇ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਨੂੰ ਫੁਲਕਾਰੀ ਭੇਟ

ਵਰਲਡ ਪੰਜਾਬੀ ਟਾਈਮਜ਼




ਲੁਧਿਆਣਾ: 10 ਮਾਰਚ : ਲਾਹੌਰ ਵਿੱਚ ਵਿਸ਼ਵ ਪੰਜਾਬੀ ਕਾਨਫਰੰਸ ਵਿੱਚ ਹਿੱਸਾ ਲੈ ਕੇ ਲੇਖਕਾਂ ਤੇ ਬੁੱਧੀਜੀਵੀਆਂ ਦਾ 53 ਮੈਂਬਰੀ ਵਫ਼ਦ ਵਤਨ ਪਰਤ ਆਇਆ ਹੈ। ਇਸ ਵਫ਼ਦ ਦੇ ਮੁਖੀ ਸਹਿਜਪ੍ਰੀਤ ਸਿੰਘ ਮਾਂਗਟ ਤੇ ਆਧਾਰਿਤ ਤਿੰਨ ਮੈਂਬਰੀ ਵਫਦ ਵਿੱਚ ਸ਼ਾਮਿਲ ਡਾ. ਜਸਵਿੰਦਰ ਕੌਰ ਮਾਂਗਟ ਤੇ ਸਰਦਾਰਨੀ ਜਸਵਿੰਦਰ ਕੌਰ ਗਿੱਲ ਨੇ ਪਾਕਿਸਤਾਨੀ ਪੰਜਾਬ ਦੀ ਪ੍ਰਥਮ ਔਰਤ ਮੁੱਖ ਮੰਤਰੀ ਮੁਹਤਰਮਾ ਮਰੀਅਮ ਨਵਾਜ਼ ਨੂੰ ਫੁਲਕਾਰੀ ਪਹਿਨਾ ਕੇ ਪੰਜਾਬ ਦਿਵਸ ਤੇ ਸਮੂਹ ਪੰਜਾਬੀਆਂ ਵੱਲੋਂ ਸਨਮਾਨਿਤ ਕੀਤਾ। ਇਸ ਵਫ਼ਦ ਵਿੱਚ ਦਰਸ਼ਨ ਬੁੱਟਰ, ਲੋਕ ਗਾਇਕ ਰਵਿੰਦਰ ਗਰੇਵਾਲ ਤੇ ਗੁਰਭਜਨ ਸਿੰਘ ਗਿੱਲ ਨੇ ਵੀ ਸ਼ਾਮਿਲ ਹੋਣਾ ਸੀ ਪਰ ਕਿਸੇ ਕਾਰਨ ਵੱਸ ਉਹ ਇਹ ਮਾਣ ਹਾਸਲ ਨਾ ਕਰ ਸਕੇ। ਸਹਿਜਪ੍ਰੀਤ ਸਿੰਘ ਮਾਂਗਟ ਨੇ ਮੁੱਖ ਮੰਤਰੀ ਸਾਹਿਬਾ ਨੂੰ ਦੱਸਿਆ ਕਿ ਇਹ ਫੁਲਕਾਰੀ ਪਟਿਆਲਾ ਦੀ ਅਸਲੀ ਫੁਲਕਾਰੀ ਹੈ ਜਿਸ ਨੂੰ ਰੀਝਾਂ ਨਾਲ ਤਿਆਰ ਕੀਤਾ ਗਿਆ ਹੈ। ਸਹਿਜਪ੍ਰੀਤ ਸਿੰਘ ਮਾਂਗਟ ਨੇ ਪੰਜਾਬ ਕੈਬਨਿਟ ਵਿੱਚ 1947 ਮਗਰੋਂ ਪਹਿਲੀ ਵਾਰ ਸਿੱਖ ਵੀਰ ਰਮੇਸ਼ ਸਿੰਘ ਅਰੋੜਾ ਨੂੰ ਸ਼ਾਮਿਲ ਕਰਨ ਲਈ ਸਮੂਹ ਪੰਜਾਬੀਆਂ ਵੱਲੋਂ ਧੰਨਵਾਦ ਕੀਤਾ। ਪੰਜਾਬੀ ਮਾ ਬੋਲੀ ਦੇ ਵਿਕਾਸ ਲਈ ਮਾਹੌਲ ਉਸਾਰਨ ਵਾਸਤੇ ਵੀ ਉਨ੍ਹਾਂ ਬੇਨਤੀ ਕੀਤੀ।




ਫੁਲਕਾਰੀ ਹਾਸਲ ਕਰਨ ਉਪਰੰਤ ਮੁੱਖ ਮੰਤਰੀ ਸਾਹਿਬਾ ਮਰੀਅਮ ਨਵਾਜ਼ ਨੇ ਕਿਹਾ ਕਿ ਇਹ ਫੁਲਕਾਰੀ ਮੇਰੇ ਪੇਕਿਆਂ ਜਾਤੀ ਉਮਰਾ (ਤਰਨਤਾਰਨ) ਤੋਂ ਆਇਆ ਗਹਿਣਾ ਹੈ ਜੋ ਮੈਨੂੰ ਹਿੰਦ ਪਾਕਿ ਰਿਸ਼ਤੇ ਮਜਬੂਤ ਕਰਨ ਦੀ ਪ੍ਰੇਰਨਾ ਦਿੰਦੀ ਰਹੇਗੀ। ਮਰੀਅਮ ਨਵਾਜ਼ ਸਾਹਿਬਾ ਨੇ ਕਿਹਾ ਕਿ ਪੰਜਾਬੀ ਦੇ ਵਿਕਾਸ ਲਈ ਸਭ ਧਿਰਾਂ ਨਾਲ ਮਸ਼ਵਰਾ ਕਰਕੇ ਭਵਿੱਖ ਦੀ ਕਾਰਜ ਯੋਜਨਾ ਉਲੀਕੀ ਜਾਵੇਗੀ। ਵਿਸ਼ਵ ਪੰਜਾਬੀ ਸਭਾ ਟੋਰੰਟੋ ਦੇ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ ਤੇ ਉਨ੍ਹਾਂ ਦੀ ਜੀਵਨ ਸਾਥਣ ਸਮੇਤ ਡਾ. ਕਲਿਆਣ ਸਿੰਘ ਕਲਿਆਣ ਨੇ ਮੁੱਖ ਮੰਤਰੀ ਸਾਹਿਬਾ ਨੂੰ ਆਲਮੀ ਪੰਜਾਬੀ ਬਿਰਾਦਰੀ ਵੱਲੋਂ ਦੋਸ਼ਾਲਾ ਪਹਿਨਾਇਆ।

ਪਾਕਿ ਹੈਰੀਟੇਜ ਹੋਟਲ ਲਾਹੌਰ ਵਿੱਚ ਬੀਤੀ ਸ਼ਾਮ ਅਲਵਿਦਾਈ ਸਮਾਗਮ ਕੀਤਾ ਗਿਆ ਜਿਸਨੂੰ ਜਨਾਬ ਫ਼ਖ਼ਰ ਜ਼ਮਾਂ, ਪ੍ਰੋ. ਗੁਰਭਜਨ ਸਿੰਘ ਗਿੱਲ, ਜੰਗ ਬਹਾਦਰ ਗੋਇਲ ਤੇ ਸਹਿਜਪ੍ਰੀਤ ਸਿੰਘ ਮਾਂਗਟ ਨੇ ਸੰਬੋਧਨ ਕੀਤਾ। ਪਾਕਿਸਤਾਨ ਦੇ ਉੱਘੇ ਲੇਖਕ ਬਾਬਾ ਨਜਮੀ, ਤੌਕੀਰ ਚੁਗਤਾਈ, ਜ਼ੁਬੈਰ ਅਹਿਮਦ,ਅਰਸ਼ਦ ਮਨਜ਼ੂਰ, ਤਜੱਮਲ ਕਲੀਮ, ਇਕਬਾਲ ਕੈਸਰ, ਬੁਸ਼ਰਾ ਨਾਜ਼,ਅਫ਼ਜ਼ਲ ਸਾਹਿਰ, ਸ਼ਾਹਿਦ ਨਦੀਮ, ਡਾ. ਸੁਗਰਾ ਸੱਦਫ਼, ਡਾ. ਕਲਿਆਣ ਸਿੰਘ ਕਲਿਆਣ, ਵੱਕਾਸ ਹੈਦਰ, ਨਾਸਿਰ ਢਿੱਲੋਂ, ਅੰਜੁਮ ਸਰੋਆ, ਸਾਬਿਰ ਅਲੀ ਸਾਬਿਰ ਤੇ ਕੁਝ ਹੋਰਨਾਂ ਨੇ ਪੰਜਾਬੋਂ ਗਏ ਲੇਖਕਾਂ ਨਾਲ ਮੁਲਾਕਾਤਾਂ ਰਾਹੀਂ ਵਿਚਾਰਾਂ ਦਾ ਆਦਾਨ ਪ੍ਰਦਾਨ ਕੀਤਾ।

ਅੱਜ ਲਾਹੌਰ ਤੋਂ ਪਰਤਣ ਵਾਲੇ ਕਾਫ਼ਲੇ ਵਿੱਚ ਲੋਕ ਗਾਇਕ ਰਵਿੰਦਰ ਗਰੇਵਾਲ ,ਸਹਿਜਪ੍ਰੀਤ ਸਿੰਘ ਮਾਂਗਟ, ਹਰਵਿੰਦਰ ਚੰਡੀਗੜ੍ਹ, ,ਡਾ. ਗੁਰਚਰਨ ਕੌਰ ਕੋਚਰ, ਡਾ, ਨਵਰੂਪ ਕੌਰ, ਕਮਲ ਦੋਸਾਂਝ ,ਸੁਸ਼ੀਲ ਦੋਸਾਂਝ,ਉੱਘੇ ਲੇਖਕ ਤੇ ਸਾਬਕਾ ਆਈ ਏ ਐੱਸ ਅਧਿਕਾਰੀ ਜੰਗ ਬਹਾਦਰ ਗੋਇਲ,ਡਾ: ਗੁਰਇਕਬਾਲ ਸਿੰਘ ਜਨਰਲ ਸਕੱਤਰ, ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ, ਫਿਲਮ ਅਦਾਕਾਰਾ ਡਾ. ਸੁਨੀਤਾ ਧੀਰ, ਅਨੀਤਾ ਸ਼ਬਦੀਸ਼, ਮਾਧਵੀ ਕਟਾਰੀਆ ਰੀਟਾਇਰਡ ਆਈ ਏ ਐੱਸ,ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਗੁਰਤੇਜ ਕੋਹਾਰਵਾਲਾ ,ਸਵੈਰਾਜ ਸਿੰਘ ਸੰਧੂ , ਪ੍ਰੋਫੈਸਰ ਨਵਰੂਪ ਕੌਰ, ਸ਼ਬਦੀਸ਼,ਤਰਸਪਾਲ ਕੌਰ, ਬੀ ਬੀ ਸੀ ਦੇ ਪੇਸ਼ਕਾਰ ਸੁਨੀਲ ਕਟਾਰੀਆ, ਪੱਤਰਕਾਰ ਸ਼ਿਵ ਇੰਦਰ ਸਿੰਘ , ਡਾ, ਸਵੈਰਾਜ ਸੰਧੂ , ਗੁਰਤੇਜ ਕੋਹਾਰਵਾਲਾ , ਦਲਜੀਤ ਸਿੰਘ ਸ਼ਾਹੀ, ਖਾਲਿਦ ਐਜਾਜ ਮੁਫਤੀ, ਮਨਜੀਤ ਕੌਰ ਪੱਡਾ, ਅਜ਼ੀਮ ਸ਼ੇਖਰ,ਬਲਕਾਰ ਸਿੰਘ ਸਿੱਧੂ, ਡਾ. ਰਤਨ ਸਿੰਘ ਢਿੱਲੋਂ, ਸੁਖਵਿੰਦਰ ਸਿੰਘ ਮਾਨ, ਸੁਖਦੇਵ ਸਿੰਘ ਗਰੇਵਾਲ ਯੂ ਐੱਸ ਏ, ਸ਼ੇਖ ਅੱਯਾਜ਼,ਸਰਬਜੀਤ ਕੌਰ, ਗੁਰਚਰਨ ਕੌਰ ਕੋਛੜ, ਡਾ, ਭਾਰਤਬੀਰ ਕੌਰ ਸੰਧੂ,ਸਿਮਰਨ ਅਕਸ, ਬਲਵਿੰਦਰ ਸਿੰਘ ਸੰਧੂ,ਦਰਸ਼ਨ ਬੁੱਟਰ, ਭੁਪਿੰਦਰ ਕੌਰ ਪ੍ਰੀਤ, ਰਵਿੰਦਰ ਰਵੀ, ਜਸਦੇਵ ਸਿੰਘ ਸੇਖੋਂ, ਡਾ. ਮੁਹੰਮਦ ਖਾਲਿਦ, ਡਾ. ਗੁਰਦੀਪ ਕੌਰ ਦਿੱਲੀ, ਸੁਖਵਿੰਦਰ ਅੰਮ੍ਰਿਤ, ਸਰਬਜੀਤ ਕੌਰ ਜੱਸ,ਡਾ. ਨੀਲਮ ਗੋਇਲ, ਜਗਦੀਪ ਸਿੱਧੂ, ਜੈਨਿੰਦਰ ਚੌਹਾਨ, ਰਾਜਵੰਤ ਕੌਰ ਬਾਜਵਾ,ਡਾ, ਜਸਵਿੰਦਰ ਕੌਰ ਮਾਂਗਟ, ਜਸਵਿੰਦਰ ਕੌਰ ਗਿੱਲ, ਆਦਿ ਸ਼ਾਮਿਲ ਸਨ। ਵਾਘਾ ਤੇ ਅਟਾਰੀ ਸਰਹੱਦ ਤੇ ਦੋਹਾਂ ਮੁਲਕਾਂ ਦੇ ਅਧਿਕਾਰੀਆਂ ਦੇ ਸਹਿਯੋਗੀ ਵਤੀਰੇ ਨੇ ਸਭ ਵਫ਼ਦ ਮੈਬਰਾਂ ਦਾ ਮਨ ਜਿੱਤ ਲਿਆ।

## ਮਜ਼ਬੂਤ ਔਰਤ...

ਵਰਲਡ ਪੰਜਾਬੀ ਟਾਈਮਜ਼
ਪਰਵੀਨ ਕੌਰ ਸਿੱਧੂ

ਅੱਜ ਮਹਿਲਾ ਦਿਵਸ 'ਤੇ ਸਾਰੀਆਂ ਔਰਤਾਂ ਨੂੰ ਬਹੁਤ-ਬਹੁਤ ਮੁਬਾਰਕਾਂ ਜੀ। ਮੇਰੀਆਂ ਸਾਰੀਆਂ ਭੈਣਾਂ ਅੱਗੇ ਬੇਨਤੀ ਹੈ ਕਿ ਆਪਣੇ ਆਪ ਨੂੰ ਕਦੀ ਵੀ ਕਮਜ਼ੋਰ ਨਾ ਸਮਝੋ। ਤੁਹਾਡੇ ਅੰਦਰ ਬਹੁਤ ਸ਼ਕਤੀ ਹੈ। ਆਪਣੇ ਹੁਨਰ ਨੂੰ ਪਹਿਚਾਣੋ ਅਤੇ ਉਹ ਉਪਰ ਕੰਮ ਕਰਨਾ ਸ਼ੁਰੂ ਕਰ ਦਿਓ। ਜਿਸ ਕੰਮ ਵਿੱਚ ਵੀ ਤੁਹਾਨੂੰ ਮੁਹਾਰਤ ਹਾਸਲ ਹੈ.. ਉਸ ਵਿੱਚ ਅੱਗੇ ਆਉਣ ਦੀ ਕੋਸ਼ਿਸ਼ ਕਰੋ। ਫਿਰ ਚਾਹੇ ਉਹ ਘਰੇਲੂ ਕੰਮ ਹੀ ਕਿਉਂ ਨਾ ਹੋਣ। ਘਰੇਲੂ ਔਰਤਾਂ ਆਪਣੇ ਨਿੱਕੇ-ਨਿੱਕੇ ਗੁਣਾਂ ਨੂੰ ਅੱਗੇ ਲਿਜਾ ਸਕਦੀਆਂ ਹਨ। ਸਿਲਾਈ



ਕਢਾਈ ਵਿੱਚ ਕਈਆਂ ਨੂੰ ਬਹੁਤ ਮੁਹਾਰਤ ਹੁੰਦੀ ਹੈ। ਇਸੇ ਹੀ ਤਰ੍ਹਾਂ ਕਈ ਔਰਤਾਂ ਖਾਣਾ ਬਣਾਉਣ ਵਿੱਚ ਬਹੁਤ ਮਾਹਿਰ ਹੁੰਦੀਆਂ ਹਨ। ਉਹਨਾਂ ਨੂੰ ਆਪਣੇ ਇਹਨਾਂ ਗੁਣਾਂ ਦੀ ਯੋਗ ਵਰਤੋਂ ਕਰਕੇ ਸਮਾਜ ਵਿੱਚ ਅੱਗੇ ਆਉਣ ਦੀ ਜ਼ਰੂਰਤ ਹੈ।
ਸਦੀਆਂ ਤੋਂ ਅਸੀਂ ਵਿਚਾਰੀਆਂ ਬਣ ਕੇ ਸਮਾਂ ਬਿਤਾਉਦੀਆਂ ਆ ਰਹੀਆਂ ਹਾਂ, ਪਰ ਹੁਣ ਸਮਾਂ ਬਦਲ ਚੁੱਕਾ ਹੈ। ਸਾਡੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਆਉਣ ਵਾਲੀਆਂ ਪੀੜ੍ਹੀਆਂ ਵਿੱਚ ਆਪਣੀਆਂ ਬੱਚੀਆਂ ਨੂੰ ਮਾਨਸਿਕ ਅਤੇ ਸਰੀਰਕ ਤੌਰ ਤੇ ਮਜ਼ਬੂਤ ਬਣਾਈਏ। ਉਹਨਾਂ ਨੂੰ ਹਾਲਾਤਾਂ ਨਾਲ਼ ਡੱਟ ਕੇ ਮੁਕਾਬਲਾ ਕਰਨ ਲਈ ਪ੍ਰੇਰਿਤ ਕਰੀਏ। ਉਹਨਾਂ ਦੀ ਸਰੀਰਕ ਸ਼ਕਤੀ ਨੂੰ ਹੋਰ ਵਧਾਈਏ ਤਾਂ ਕਿ ਉਹ ਆਪਣੇ ਨਾਲ਼ ਹੋ ਰਹੀ ਵਧੀਕੀ ਦਾ ਮੁਕਾਬਲਾ ਆਪ ਕਰ ਸਕਣ। ਵਿਚਾਰੀਆਂ ਕਹਿ ਕੇ ਉਹਨਾਂ ਦੀ ਸ਼ਕਤੀ ਨੂੰ ਨਾ ਘਟਾਈਏ। ਸਗੋਂ ਉਹਨਾਂ ਨੂੰ ਇਹ ਕਹੀਏ ਕਿ ਤੁਸੀਂ ਹਰ ਮੁਸ਼ਕਲ ਦਾ ਸਾਹਮਣਾ ਡੱਟ ਕੇ ਕਰ ਸਕਦੀਆਂ ਹੋ। ਤੁਹਾਡੇ ਅੰਦਰ ਅਥਾਹ ਸ਼ਕਤੀ ਹੈ, ਜਦੋਂ ਉਹ ਮਾਨਸਿਕ ਤੌਰ ਤੇ ਮਜ਼ਬੂਤ ਹੋਣਗੀਆਂ ਤਾਂ ਉਹ ਵਧੀਆ ਅਤੇ ਉੱਚੀ ਮਾਨਸਿਕਤਾ ਰੱਖਣ ਵਾਲੀ ਔਲਾਦ ਪੈਦਾ ਕਰਨਗੀਆਂ।
ਔਰਤ ਜਿਸ ਵਿੱਚੋਂ ਇੱਕ ਹੋਰ ਜੀਅ ਜਨਮ ਲੈਂਦਾ ਹੈ। ਉਸ ਅੰਦਰ ਕਿੰਨੀ ਤਾਕਤ ਹੈ ਇਸ ਦਾ ਅੰਦਾਜ਼ਾ ਨਾ ਉਸਨੇ ਆਪ ਕਦੀ ਲਗਾਇਆ ਹੈ ਅਤੇ ਨਾ ਹੀ ਸਮਾਜ ਦੇ ਠੇਕੇਦਾਰਾਂ ਨੇ ਉਸ ਨੂੰ ਇਸ ਕਾਬਲ ਸਮਝਿਆ ਹੈ। ਧੀਆਂ ਦੇ ਨਾਲ਼-ਨਾਲ਼ ਆਪਣੇ ਪੁੱਤਾਂ ਨੂੰ ਵੀ ਇਹ ਸਿੱਖਿਆ ਜ਼ਰੂਰ ਦਈਏ ਕਿ ਤੁਸੀਂ ਕਿਸੇ ਵੀ ਧੀ ਭੈਣ ਦੀ ਇੱਜ਼ਤ ਨੂੰ ਹੱਥ ਨਹੀਂ ਪਾਉਂਣਾ। ਜਿੱਥੇ ਹੋਰ ਕਈ ਲਹਿਰਾਂ ਜ਼ੋਰਾਂ ਤੇ ਚੱਲਦੀਆਂ ਹਨ..ਉੱਥੇ ਇਸ ਉੱਪਰ ਵੀ ਇੱਕ ਕ੍ਰਾਂਤੀ ਲਿਆਉਣ ਦੇ ਲਈ ਲਹਿਰ ਵਾਂਗ ਕੰਮ ਕਰੀਏ।
ਜੇਕਰ ਕਿਸੇ ਔਰਤ ਨਾਲ਼ ਵਧੀਕੀ ਹੁੰਦੀ ਹੈ, ਤਾਂ ਉਸ ਨਾਲ਼ ਖੜ੍ਹੇ ਹੋਣ ਦੀ ਹਿੰਮਤ ਰੱਖੀਏ। ਘਰਾਂ ਵਿੱਚ ਵੀ ਜ਼ਿਆਦਾ ਕਲੇਸ਼ ਔਰਤਾਂ ਦਾ ਆਪਸ ਵਿੱਚ ਹੀ ਵਿਚਾਰਾਂ ਕਰਕੇ ਹੁੰਦਾ ਹੈ। ਇਸ ਚੀਜ਼ ਨੂੰ ਵੀ ਘਟਾਉਣ ਦੀ ਜ਼ਰੂਰਤ ਹੈ। ਜਦੋਂ ਇੱਕ ਔਰਤ ਨੇ ਇੱਕ ਔਰਤ ਦਾ ਸਾਥ ਦੇਣਾ ਸ਼ੁਰੂ ਕਰ ਦਿੱਤਾ, ਤਾਂ ਬਹੁਤ ਜ਼ਿਆਦਾ ਮੁਸ਼ਕਿਲਾਂ ਦਾ ਹੱਲ ਨਿਕਲ ਆਵੇਗਾ। ਮਹਿਲਾ ਦਿਵਸ ਜ਼ਰੂਰ ਮਨਾਓ, ਪਰ ਸਭ ਮਹਿਲਾਵਾਂ ਨੂੰ ਬੇਨਤੀ ਹੈ ਕਿ ਇਕੱਠੀਆਂ ਹੋ ਕੇ ਇੱਕਜੁੱਟ, ਇੱਕ-ਮੁੱਠ ਹੋ ਕੇ ਇੱਕ ਦੂਸਰੀ ਦਾ ਸਾਥ ਦਿਓ। ਬੇਸ਼ਕ ਤੁਸੀਂ ਘਰ ਹੋ ਜਾਂ ਤੁਸੀਂ ਕਿਤੇ ਕੰਮ ਕਰ ਰਹੀਆਂ ਹੋ। ਸਮਾਜ ਵਿੱਚ ਕਿਤੇ ਵੀ ਤੁਹਾਨੂੰ ਕਿਸੇ ਔਰਤ ਦਾ ਸਾਥ ਦੇਣ ਦੀ ਜ਼ਰੂਰਤ ਪਵੇ ਤਾਂ ਜ਼ਰੂਰ ਸਾਥ ਦਿਉ। ਆਪਣੀ ਸੋਚ ਨੂੰ ਬਦਲੋ ਔਰਤ ਦਾ ਸਾਥ ਔਰਤ ਵਲੋਂ ਦਿੱਤਾ ਜਾਵੇ ਤਾਂ ਫਿਰ ਕੁਝ ਵੀ ਅਸੰਭਵ ਨਹੀਂ ਹੁੰਦਾ। ਸਦਾ ਹੱਸਦੀਆਂ-ਵਸਦੀਆਂ ਘਰਾਂ ਨੂੰ ਮਹਿਕਾਉਂਦੀਆਂ ਖੁਸ਼ ਰਹੋ।

## ਰੁੱਖ ਲਗਾਈਏ

ਵਰਲਡ ਪੰਜਾਬੀ ਟਾਈਮਜ਼
ਹਰਪ੍ਰੀਤ ਪੱਤੋ

ਜਦ ਮੈਂ ਵੇਖਿਆ! ਰੁੱਖਾਂ ਨੂੰ ਉਹ
ਪੱਟੀ ਜਾਂਦੇ ਸੀ,
ਨਾਲ ਕੁਹਾੜੇ ਆਰੀਆਂ ਦੇ ਫਿਰ
ਕੱਟੀ ਜਾਂਦੇ ਸੀ।
ਬੜਾ ਦੁੱਖ ਹੋਇਆ ਜਦ ਕੱਟ ਢੇਰ
ਉਹਨਾਂ ਲਾ ਦਿੱਤੇ,
ਵੱਡੇ ਛੋਟੇ ਬੂਟਿਆਂ ਨੂੰ ਛਾਂਗ ਛਾਂਗ
ਕਿ ਮੋਛੇ ਪਾ ਦਿੱਤੇ।
ਸੜਕ ਇੱਥੋਂ ਹੈ ਕੱਢਣੀ ਉਹ ਭਾਈ
ਸੀ ਕਹਿੰਦੇ,
ਇੱਥੇ ਅਫਸਰ ਨੇ ਆਉਣਾ, ਖੌਰੇ,
ਨਾਂ ਕੀ ਸੀ ਲੈਂਦੇ।
ਖ਼ਾਲੀ ਕੋਲ ਟਰੱਕ ਖੜ੍ਹਾ ਚੁੱਕ
ਉਸ ਵਿੱਚ ਸੀ ਸੁੱਟਦੇ।
ਸੈਂਕੜੇ ਸਾਲ ਪੁਰਾਣੇ ਰੁੱਖ ਮਿੰਟਾਂ
ਵਿੱਚ ਸੀ ਪੁੱਟਦੇ।
ਕਿੱਥੋਂ ਆਪਾਂ ਫੇਰ ਲੱਭਾਂਗੇ ਵਿਰਸੇ
ਇਸ ਸਭਿਆਚਾਰ ਨੂੰ,
ਸਾਹ ਕਿੱਥੋਂ ਕਿਵੇਂ ਲਵਾਂਗੇ ਸੋਚੋ ਆਪਾਂ
ਆਖਰਕਾਰ ਨੂੰ।
ਖੁਰੀ ਜਾਂਦੀ ਜੋ ਮਿੱਟੀ ਉਹ ਵੀ ਕਿਵੇਂ
ਬਚਾਵਾਂਗੇ।
ਰੁੱਸ ਗਈਆ ਜੋ ਬਹਾਰਾਂ ਮੋੜ ਕੇ
ਕਿੱਥੋਂ ਲਿਆਵਾਂਗੇ।
ਹੋਰ ਸਮਾਂ, ਪੱਤੋ, ਆਪਾਂ ਨਾ ਲੰਘਾ
ਲਈਏ,
ਹੁਣ ਕੱਟਿਆ ਰੁੱਖਾਂ ਦੀ ਥਾਂ ਨਵੇਂ
ਰੁੱਖ ਹੋਰ ਲਗਾ ਦੇਈਏ।




## ਸਤਿਕਾਰ ਲਈ ਜਾਗਰੂਕ ਹੋਵੇ ਔਰਤ

ਵਰਲਡ ਪੰਜਾਬੀ ਟਾਈਮਜ਼
ਰਾਜਿੰਦਰ ਰਾਣੀ



ਹਰ ਖੇਤਰ ਵਿੱਚ ਔਰਤ ਨੇ ਵੱਡਮੁੱਲਾ ਯੋਗਦਾਨ ਪਾਇਆ। ਔਰਤ ਨੇ ਖੰਡਰਾਂ ਨੂੰ ਘਰ ਬਣਾਇਆ, ਆਪਣੀ ਹਿੰਮਤ ਤੇ ਦਲੇਰੀ ਨਾਲ ਉਹ ਮਰਦ ਦੇ ਮੋਢੇ ਨਾਲ ਮੋਢਾ ਜੋੜ ਕੇ ਚੱਲੀ ਹੀ ਨਹੀਂ ਬਲਕਿ ਉਸ ਤੋਂ ਵੀ ਅੱਗੇ ਨਿਕਲ ਗਈ। ਪੜ੍ਹੀ ਲਿਖੀ ਤੇ ਅੱਗੇ ਨਿਕਲ ਚੁੱਕੀ ਔਰਤ ਵੀ ਜ਼ੁਲਮ ਦਾ ਸ਼ਿਕਾਰ ਹੁੰਦੀ ਹੈ। ਫਿਰ ਵੀ ਪੇਂਡੂ ਤੇ ਗਰੀਬ ਔਰਤਾਂ ਦੀ ਦੁਰਦਸ਼ਾ ਦਾ ਅੰਦਾਜ਼ਾ ਲਾਉਣਾ ਮੁਸ਼ਕਿਲ ਨਹੀਂ । ਅੱਜ ਦੀ ਵੱਡੀ ਲੋੜ ਔਰਤ ਵਰਗ ਨੂੰ ਇੱਕਮੁੱਠ ਹੋਣ ਤੇ ਆਪਣੀ ਸ਼ਕਤੀ ਪਹਿਚਾਨਣ ਦੀ ਹੈ। ਕੀ ਔਰਤ ਇੰਨੀ ਬੇਸਹਾਰਾ ਤੇ ਕਮਜ਼ੋਰ ਹੈ, ਕਿ ਜਿਸ ਦਾ ਦਿਲ ਕਰੇ , ਉਸਨੂੰ ਘਰੋਂ ਚੁੱਕ ਕੇ ਲੈ ਜਾਵੇ, ਕੀ ਕਦੀ ਸੋਚਿਆ ਜਿੰਨਾ ਬੱਚੀਆਂ ਨਾਲ ਮਾੜੇ ਕਰਮ ਹੋਏ ਹੋਣਗੇ , ਉਹ ਕਿਵੇਂ ਰੋਜ਼ ਤਿਲ ਤਿਲ ਮਰਦੀਆਂ ਹੋਣਗੀਆਂ। ਔਰਤ ਦੀਆਂ ਕੁਰਬਾਨੀਆਂ ਦਾ ਮੁੱਲ ਨਸ਼ੇੜੀ ਪੁੱਤ ਉਸਨੂੰ ਘਰੋਂ ਕੱਢ ਕੇ ਪਾਉਂਦੇ ਹਨ। ਸਮੁੱਚੀ ਔਰਤ ਵਰਗ ਨੂੰ ਹੁਣ ਅੱਗੇ ਆਉਣ ਦੀ ਲੋੜ ਹੈ। ਪਾਊਡਰ, ਕਰੀਮਾਂ, ਸੈਂਡਲਾਂ , ਸਾੜੀਆਂ ਤੇ ਨਕਲੀ ਗਹਿਣਿਆਂ ਤੋਂ ਉੱਚਾ ਉੱਠ ਟੀਵੀ ਸੀਰੀਅਲ ਦੇਖ ਕੇ ਜ਼ਿੰਦਗੀ ਬਦਲਣ ਵਾਲੀ ਨਹੀਂ ਹੈ । ਆਮ ਔਰਤ ਦੀ ਸਥਿਤੀ ਤਾਂ ਦੇਖੋ ਕਿਵੇਂ ਔਰਤਾਂ ਸ਼ਰਾਬੀ ਪਤੀਆਂ ਤੇ ਪੁੱਤਾਂ ਹੱਥੋਂ ਰੋਜ ਤਾਰ ਤਾਰ ਹੁੰਦੀਆਂ ਹਨ, ਦਹੇਜ ਦੀ ਲਾਹਨਤ ਕਰਕੇ ਕਈ ਧੀਆਂ ਮਾਪਿਆਂ ਦੇ ਘਰ ਬੈਠੀਆਂ ਹਨ, ਮਾਨਸਿਕ ਪਰੇਸ਼ਾਨੀ ਚ ਔਰਤਾਂ ਬਾਬਿਆਂ ਦੇ ਚੱਕਰਾਂ ਚ ਫਸਦੀਆਂ ਹਨ। ਇੱਕ ਦਿਨ ਵਿੱਚ ਘਰ ਵਿੱਚ ਤਿੰਨ ਵਾਰ ਖਾਣਾ ਬਣਦਾ ਹੈ । ਔਰਤ ਤੋਂ ਬਿਨਾਂ ਕਲਪਨਾ ਕਰੋ ਕਿ ਦੁਨੀਆ ਕਿਹੋ ਜਿਹੀ ਹੀ ਹੋਵੇਗੀ । ਸੋ ਅਜੇ ਵੀ ਵੇਲਾ ਹੈ, ਸੰਭਲ ਜਾਓ। ਔਰਤ ਨੂੰ ਮਾਂ, ਭੈਣ , ਪਤਨੀ, ਦੇ ਰੂਪ ਵਿੱਚ ਇੱਜ਼ਤ ਦਿਵਾਓ । ਸੁਰੱਖਿਆ ਪ੍ਰਦਾਨ ਕਰੋ। ਔਰਤ ਹੀ ਬਚਪਨ ਤੋਂ ਬੁਢਾਪੇ ਤੱਕ ਹਰ ਮਨੁੱਖ ਨੂੰ ਸੰਭਾਲਦੀ ਹੈ ਉਹ ਔਰਤ ਚਾਹੇ ਮਾਂ ਹੋਵੇ, ਪਤਨੀ ਹੋਵੇ, ਭੈਣ ਹੋਵੇ, ਧੀ ਹੋਵੇ। ਸਮਾਜ ਆਧੁਨਿਕ ਕਦਰਾਂ ਕੀਮਤਾਂ ਆਪਨਾ ਰਿਹਾ ਹੈ, ਪਰ ਔਰਤਾਂ ਪ੍ਰਤੀ ਸਮਾਜਿਕ ਵਰਤਾਰਾ ਉਨਾਂ ਨੀਵਾਂ ਹੁੰਦਾ ਜਾ ਰਿਹਾ ਹੈ। ਜੇ ਔਰਤ ਸਵੈ ਹੱਕਾਂ ਲਈ ਤੇ ਰੋਟੀ ਲਈ ਸੰਘਰਸ਼ ਕਰ ਰਹੀ ਹੈ ਤਾਂ ਕਾਨੂੰਨ ਉਸ ਦੀ ਸੁਰੱਖਿਆ ਨਹੀਂ ਕਰ ਪਾਉਂਦੇ। ਔਰਤ ਪ੍ਰਤੀ ਮਰਦ ਦੀਆਂ ਨਕਾਰਾਤਮਕ ਸੋਚ ਦੀਆਂ ਜੜਾਂ ਡੂੰਘੀਆਂ ਹਨ, ਜੋ ਔਰਤ ਮਰਦ ਦੇ ਮਾਂ ਦੇ ਰੂਪ ਚ ਹੈ ਤਾਂ ਆਖਰੀ ਸਾਹਾਂ ਤੱਕ ਪੁੱਤਰ ਦੀ ਸੁੱਖ ਲੋਚਦੀ ਹੈ। ਜੇ ਭੈਣ ਦੇ ਰੂਪ ਚ ਹੈ ਤਾਂ ਸਦਾ ਹੀ ਭਾਈ ਭਤੀਜਿਆਂ ਦੇ ਵਾਰੇ ਵਾਰੇ ਜਾਂਦੀ ਹੈ, ਪਤਨੀ ਦੇ ਰੂਪ ਚ ਆਪਣਾ ਮਨ ਤਨ ਪਤੀ ਨੂੰ ਅਰਪਿਤ ਕਰਕੇ ਹਰ ਪਲ ਸੇਵਾ ਲਈ ਤਿਆਰ ਰਹਿੰਦੀ ਹੈ।ਸੱਚ ਤਾਂ ਇਹ ਹੈ ਤੇ ਮਰਦ ਨਾਲ ਬੱਝੇ ਹਰ ਰਿਸ਼ਤੇ ਚ ਉਹ ਹਮੇਸ਼ਾ ਹੀ ਮਰਦ ਦਾ ਸਤਿਕਾਰ ਕਰਦੀ ਹੈ ਪਹਾੜ ਜਿੱਡੀਆਂ ਗਲਤੀਆਂ ਨੂੰ ਵੀ ਮਾਫ਼ ਕਰ ਦਿੰਦੀ ਹੈ ਪਰ ਮਰਦ ਉਸਦੀ ਨਿੱਕੀ ਜਿਹੀ ਗਲਤੀ ਨੂੰ ਵੀ ਮਾਫ ਕਰਨਾ ਜਿਗਰਾ ਨਹੀਂ ਰੱਖਦਾ। ਮਾਮੂਲੀ ਤਕਰਾਰ ਹੋਣ ਤੇ ਵੀ ਘਰ ਛੱਡਣ ਲਈ ਕਹਿ ਦਿੰਦਾ ਹੈ ਪਰ ਔਰਤ ਦਾ ਘਰ ਕਿਹੜਾ?
ਦਲੀਪ ਕੌਰ ਟਿਵਾਣਾ ਦਾ ਪ੍ਰਸਿੱਧ ਨਾਵਲ "ਇਹ ਹਮਾਰਾ ਜੀਵਣਾ" ਨਾਰੀ ਦੀ ਹੋਂਦ ਨੂੰ ਅਸਲੀ ਰੂਪ ਚ ਉਘਾੜਦਾ ਹੈ। ਲੋੜ ਹੈ ਔਰਤ ਸਨਮਾਨ ਸਤਿਕਾਰ ਪਾਉਣ ਲਈ ਖੁਦ ਜਾਗਰੂਕ ਹੋਵੇ । ਜ਼ੁਲਮ ਵਿਰੁੱਧ ਜ਼ੋਰਦਾਰ ਢੰਗ ਨਾਲ ਆਵਾਜ਼ ਬੁਲੰਦ ਕਰੇ।

## ਸਖਸੀਅਤ ਦਾ ਪ੍ਰਭਾਵ ਵਿਲੱਖਣ ਹੁੰਦਾ ਹੈ:

ਵਰਲਡ ਪੰਜਾਬੀ ਟਾਈਮਜ਼
ਬਰਜਿੰਦਰ ਪਾਲ ਸਿੰਘ

ਹਰ ਕੋਈ ਸੋਹਣਾ ਲੱਗੇ ਇਸ ਲਈ ਉਹ ਪੂਰਾ ਸਮਾਂ ਲਗਾ ਕੇ ਤਿਆਰ ਸਵੇਰ ਸਮੇਂ ਹੁੰਦਾ ਹੈ ।ਡਿਊਟੀ ਵਾਲੇ ਸੀਮਤ ਸਮੇਂ ਵਿੱਚ ਤਿਆਰ ਹੁੰਦੇ ਹਨ ।ਕੋਈ ਵੀ ਪ੍ਰਾਈਵੇਟ ਕੰਮ ਕਰਨ ਵਾਲਾ ਦੁਕਾਨਦਾਰ ਮੁਲਾਜ਼ਮ ਹਰ ਕੋਈ ਆਪਣੇ ਸ਼ਡਿਊਲ ਅਨੁਸਾਰ ਸਮੇ ਵਿੱਚ ਤਿਆਰ ਹੁੰਦਾ ਹੈ ਸੋ ਤਿਆਰ ਹੋਣ ਦਾ ਹਰੇਕ ਦਾ ਆਪਣਾ ਆਪਣਾ ਤਰੀਕਾ ਹੈ ਕਈ ਲੰਬਾ ਸਮਾਂ ਸ਼ੀਸ਼ੇ ਅੱਗੇ ਖੜ੍ਹਦੇ ਹਨ ਜਿਆਦਾ ਸਮਾਂ ਨਹਾਉਂਦੇ ਹਨ ਸਾਬਣ ਲਗਾਉਦੇ ਹਨ ਇਸ ਤੋਂ ਬਾਅਦ ਮੈਚਿੰਗ ਦੇ ਨਾਲ ਕੱਪੜੇ ਪਾਉਂਦੇ ਹਨ ਜੇਕਰ ਸ਼ਰਟ ਦੇ ਨਾਲ ਪੱਗ ਮਿਲਦੀ ਹੋਵੇ ਤਾਂ ;ਦੱਖ ਹੋਰ ਆਂਕਰਸ਼ਿਤ ਹੋ ਜਾਂਦੀ ਹੈ ਕਈ ਦੋ ਸੀਸਿਆ ਨਾਲ ਪੱਗ ਬੰਨਦੇ ਹਨ ਤਾ ਜੋ ਅੱਗਲਾ ਅਤੇ ਪਿਛਲਾ ਪਾਸਾ ਵੇਖਿਆ ਜਾ ਸਕੇ ਜਾ ਵੱਡੇ ਦਰਪਣਾ ਦੀ ਵਰਤੋ ਕਰਦੇ ਹਨ।ਸਰਦੀਆਂ ਵਿੱਚ ਕੋਟ ਪੈਂਟ ਜਾਂ ਕੋਟੀ ਸਵਾਟਰ ਆਦਿ ਪਾਉਣ ਦੇ ਨਾਲ ਹੋਰ ਸੋਹਣਾ ਵਿਖਾਈ ਦਿੰਦਾ ਹੈ ਜਿਸ ਕਰਕੇ ਬਹੁਤ ਸਾਰੇ ਲੋਕ ਵਿਆਹ ਸ਼ਾਦੀਆਂ ਸਮਾਗਮ ਜਿਆਦਾ ਸਿਆਲਾਂ ਵਿੱਚ ਰੱਖਦੇ ਹਨ ਸੋ ਜਿਸ ਤਰ੍ਹਾਂ ਕਿਹਾ ਜਾਂਦਾ ਹੈ ਕਿ ਗੋਡ ਮੇਕਸ ਏ ਮੈਨ ਬਟ ਟੇਲਰ ਮੇਕਸ ਇਟ ਜੈਂਟਲਮੈਨ ਸੋ ਕੱਪੜਿਆਂ ਦੀ ਸਲਾਈ ਦਿੱਖ ਨੂੰ ਬਹੁਤ ਪ੍ਰਭਾਵਿਤ ਕਰਦੀ ਹੈ ।ਹਰ ਕੋਈ ਮਨੁੱਖ ਚਾਹੁੰਦਾ ਹੈ ਕਿ ਮੈਂ ਸੋਹਣਾ ਲੱਗਾ ਸੋ ਇਸ ਦੇ ਲਈ ਕਈ ਵਿਅਕਤੀ ਕੁੜ੍ਹਤੇ ਪਜਾਮੇ ਦੇ ਨਾਲ ਜਾਗਟ ,ਪਠਾਣੀ ਕੁੜਤਾ ਪਜਾਮਾ ਚਿੱਟੇ ਰੰਗ ਦਾ ਕੁੜਤਾ ਪਿਆ ਬਰਾਉਨ ਕੁੜ੍ਹਤਾ ਪਜਾਮਾ ਆਦਿ ਵਿਲੱਖਣ ਦਿਸਦੇ ਹਨ।ਟਾਈ ਦਾ ਆਪਣਾ ਮਹੱਤਵ ਹੁੰਦਾ ਹੈ ਆਮ ਧਾਰਨਾ ਹੈ ਕਿ ਉੱਚੀ ਪੋਸਟ ,ਪਦਵੀ ਅਤੇ ਵੀ .ਆਈ. ਪੀ. ਸਖਸੀਅਤ ਹੀ ਟਾਈ ਲਗਾਉਦੇ ਹਨ ।ਟਾਈ ਸਖਸੀਅਤ ਨੂੰ ਹੋਰ ਚਾਰ ਚੰਦ ਲਗਾਉਦੀ ਹੈ। ਆਮ ਤੌਰ ਤੇ ਪਾਰਟੀਆ ਵਿਆਹਾ ਵਿੱਚ ਵੇਟਰ ਵੀ ਟਾਈ ਵਾਲੇ ਦੇ ਆਲੇ ਦੁਆਂਲੇ ਗੇੜ੍ਹੇ ਕੱਢਦੇ ਵੇਖੇ ਜਾ ਸਕਦੇ ਹਨ ਕਹਿੰਦੇ ਹਨ ਕਿ ਟਾਈ ਵਾਲਾ ਮਨੁੱਖ ਖਾਸ ਸਖਸ਼ੀਅਤ ਹੁੰਦੇ ਹੈ। ਜਾਕਟਾ ਕੋਟਾ ਉੱਪਰ ਜੋ ਬਾਹਰਲੇ ਕੰਟਰੀਆਂ ਵਿਕਾਸਸ਼ੀਲ ਦੇਸ਼ਾਂ ਕੈਨੇਡਾ ਅਮਰੀਕਾ ਨਿਊਜੀਲੈਂਡ ਆਸਟਰੇਲੀਆ ਕੋਰੀਆ ਆਦਿ ਦਾ ਨਾ,ਲੋਗੋ ਜੋ ਲਿਖਿਆ ਹੁੰਦਾ ਜਾਂ ਜਿਹੜੀਆਂ ਕੰਪਨੀਆਂ ਅੰਤਰ ਰਾਸਟਰੀ ਪੱਧਰ ਦੀਆ ਹਨ ਜਿੰਨਾ ਦੀ ਸੇਲ ਜਿਆਂਦਾ ਅਤੇ ਵਿਲੱਖਣ ਨਾਮ ਹਨ ਜਦੋ ਉਹ ਲੋਕ ਪਹਿਨਦੇ ਹਨ ਤਾਂ ਉਸਨੂੰ ਦੂਸਰੇ ਲੋਕ ਵੇਖਦੇ ਹਨ ਪੁੱਛਦੇ ਹਨ ਕਿੰਨੇ ਦਾ ਹੈ ਕਿੱਥੋ ਖਰੀਦਿਆ ਹੈ ਬਹੁਤ ਸੋਹਣਾ ਲੱਗਦਾ ਹੈ ਆਦਿ ਕਮੈਂਟ ਕਰਦੇ ਹਨ ਇਹ ਸਾਰੇ ਕੁਮੈਂਟ ਇਸ ਲਈ ਕਰਦੇ ਹਨ ਕਿਉਕਿ ਇਹ ਵਿਲੱਖਣ ਪਹਿਨਿਆ ਲੱਗਦਾ ਹੈ ਅਤੇ ਦਿੱਖ ਪ੍ਰਭਾਵਸਾਲੀ ਲੱਗਦੀ ਹੈ ਸੋ ਸੋਹਣਾ ਲੱਗਦਾ ਹੈ ਹਰ ਇੱਕ ਮਰਦ ਔਰਤ ਦਾ ਧਿਆਨ ਆਪਣੇ ਵੱਲ ਆਕਰਸ਼ਿਤ ਕਰਦਾ ਹੈ। ਸੋ ਇੱਕ ਦਿਨ ਮੇਰੇ ਵੱਲੋਂ ਨਵਾਂ ਕੁੜਤਾ ਪਜਾਮਾ ਜਿਸ ਵਿੱਚ ਵਾਈਟ ਕਲਰ ਵਿੱਚ ਬਲੈਕ ਡਾਟਸ ਸਨ ਅਤੇ ਉਸ ਨਾਲ ਲੋਗੋ ਜਾ ਸਰਕਲ ਕੱਟ ਸੀ ਜਿਸ ਦੇ ਉੱਪਰ ਕੈਨੇਡਾ ਦਾ ਨਾ, ਝੰਡਾ ,ਵੈਦਰ ਗੀਅਰ ਲਿਖਿਆ ਹੋਇਆ ਸੀ ਜਾਕਟ ਪਹਿਨੀ ਹੋਈ ਸੀ ਜੋ ਕਿ ਮੈਨੂੰ ਡਾਕਟਰ ਪੁਨੀਤ ਵੱਲੋਂ ਭੇਜੀ ਗਈ ਸੀ ਅਤੇ ਨਾਲ ਬੂਟ ਜਿਨਾਂ ਦਾ ਕਲਰ ਬਲੈਕ ਤੇ ਵਾਈਟ ਸੀ ਜੋ ਮੇਰੇ ਭਾਣਜੇ ਗੁਰਪੰਚ ਨੇ ਜਦੋਂ ਮੈਂ ਉਹਨਾਂ ਕੋਲ ਬਰਾਪਟਨ ਕੈਨੇਡਾ ਜੂਨ ਮਹੀਨੇ ਦੀ ਛੁੱਟੀਆਂ ਦੌਰਾਨ ਸਾਲ 2022 ਵਿੱਚ ਗਿਆ ਤਾਂ ਉਸ ਵੱਲੋਂ ਮੈਨੂੰ ਜਿਹੜੇ ਸਭ ਤੋ ਮਹਿੰਗੇ ਬੂਟ ਸੀ ਕੰਪਨੀ ਅੰਡਰ ਆਰਮਰ ਬੂਟ ਦਬਾਏ ਗਏ ਉਹ ਵੀ ਮੇਰੇ ਪਹਿਨੇ ਹੋਏ ਸੀ ਤੇ ਜਦੋਂ ਮੈਂ ਤਿਆਰ ਹੋ ਕੇ ਬਠਿੰਡੇ ਨੂੰ ਆਪਣੇ ਘਰ ਬਰਨਾਲਾ ਰੋਡ ਧਨੌਲਾ ਤੋ ਬੱਸ ਲੈਣ ਲਈ ਧਨੌਲਾ ਬੱਸ ਸਟੈਂਡ ਤੇ ਪਹੁੰਚਿਆ ਤਾਂ ਰਸਤੇ ਵਿੱਚ ਗੁਰੂ ਨਾਨਕ ਫੋਟੋ ਸਟੈਟ ਧਨੌਲਾ ਦੇ ਮਾਲਕ ਸ੍ਰੀ ਕ੍ਰਿਸਨ ਕੁਮਾਰ ਨੇ ਕਿਹਾ ਕਿ ਅੱਜ ਤਾਂ ਮਾਸਟਰ ਜੀ ਨਜ਼ਰ ਨਾ ਲੱਗ ਜਾਵੇ ਇਹਨੇ ਸੋਹਣੇ ਲੱਗ ਰਹੇ ਹੋ ਸੋ ਇਹ ਸਾਰੇ ਸੁਹੱਪਣ ਦਾ ਸਿਹਰਾ ਜੋ ਉਹਨਾਂ ਨੂੰ ਆਂਕਰiਸ਼ਤ ਕਰ ਰਿਹਾ ਸੀ ਉਹ ਸੀ ਪੈਰਾ ਵਿੱਚ ਪਾਏ ਕਾਲੇ ਚਿੱਟੇ ਰੰਗ ਦੇ ਬੂਟ,ਵਧੀਆ ਫੀਤੇ ਜੋ ਕਿ ਜੋ ਕਿ ਮੇਰੇ ਭਾਣਜੇ ਨੇ ਮੈਨੂੰ ਗਿਫਟ ਵਜੋਂ ਲੈ ਕੇ ਦਿੱਤੇ ਸੀ ਅਤੇ ਬਲੈਕ ਜਾਕਿਟ ਸੀ।ਜਸਨ ਕੈਨੇਡਾ ਵੱਲੋ ਭੇਜਿਆ ਲਾਗ ਕੋਟ ਵੀ ਜਦੋ ਪਾਇਆ ਹੁੰਦਾ ਹੈ ਤਾ ਉਹ ਵੀ ਜਾਗੋ,ਮਿਲਨੀ,ਸਮਾਗਮਾ ਦੌਰਾਨ ਖਿੱਚ ਦਾ ਕੇਦਰੀ ਬਿੰਦੂ ਬਣਿਆ ਰਹਿੰਦਾ ਹੈ। ਜਿੱਥੇ ਪਹਿਰਾਵੇ ਦੇ ਨਾਲ ਅਸੀਂ ਧਿਆਨ ਦੂਸਰਿਆ ਦਾ ਆਪਣੇ ਵੱਲ ਖਿੱਚਦੇ ਹੋ ਉੱਥੇ ਤੁਹਾਡੇ ਨਜ਼ਦੀਕ,ਇਰਦ ਗਿਰਦ ਰਹਿਣ ਵਾਲੇ ਤੁਹਾਡੇ ਪਿੰਡ ਦੇ ਲੋਕ ਤੁਹਾਡੇ ਸਾਥੀ ਤੁਹਾਡੇ ਨਾਲ ਕੰਮ ਕਰਨ ਵਾਲੇ ਤੁਹਾਡੇ ਕੁਲੀਕਸ ਤੁਹਾਡੇ ਸਾਥੀ ਕਰਮਚਾਰੀ ਆਦਿ ਤੁਹਾਡੀ ਅਬਜਰਵੇਸ਼ਨ ਕਰਨ ਬਾਅਦ ਤੁਹਾਡੇ ਬਾਰੇ ਜਰੂਰ ਆਪਣੇ ਮੂੰਹ ਦੇ ਵਿੱਚੋ ਮਿੱਠੀ ਬੋਲੀ ਰਾਹੀਂ ਬੋਲ ਕੇ ਤੁਹਾਡੀ ਸ਼ਖਸ਼ੀਅਤ ਬਾਰੇ ਦੱਸਦੇ ਹਨ ਜਿਸ ਤਰਾ ਦਾ ਤੁਹਾਡਾ ਵਿਹਾਰ ਉਹਨਾ ਨਾਲ ਹੁੰਦਾ ਹੈ।ਸ਼ਖਸ਼ੀਅਤ ਦੇ ਪ੍ਰਭਾਵ ਵਿੱਚ ਜਿੱਥੇ ਪਹਿਰਾਵੇ ਦਾ ਅਹਿਮ ਰੋਲ ਹੈ ਉੱਤੇ ਤੁਹਾਡੇ ਕੱਦ ਦਾ ਵੀ ਰੋਲ ਹੈ। ਇੱਕ ਵਾਰ ਇੱਕ ਵਿਅਕਤੀ ਕਿਸੇ ਮਹਾਨ ਵਿਦਵਾਨ ਨੂੰ ਸੋਹਣੇ ਕੱਪੜੇ ਪਾ ਕੇ ਆਕਰਸ਼ਿਤ ਡਰੈਸ ਦੇ ਨਾਲ ਉਸ ਕੋਲ ਗਿਆ ਤਾਂ ਉਸਦੇ ਪਹਿਰਾਵੇ ਨੇ ਵਿਦਵਾਨ ਨੂੰ ਪ੍ਰਭਾਵਿਤ ਨਹੀਂ ਕੀਤਾ ਪਰ ਜਦੋਂ ਉਸ ਵਿਦਵਾਨ ਨਾਲ ਉਸ ਵਿਅਕਤੀ ਨੇ ਗੱਲਬਾਤ ਕੀਤੀ ਤਾਂ ਉਸ ਤੋਂ ਬਾਅਦ ਉਸ ਵਿਅਕਤੀ ਨੂੰ ਵਿਦਵਾਨ ਗੇਟ ਤੱਕ ਛੱਡਣ ਆਇਆ ਤਾਂ ਜੋ ਲੋਕ ਵੇਖਦੇ ਸਨ ਉਹਨਾਂ ਨੇ ਪੁੱਛਿਆ ਕਿ ਤੁਸੀਂ ਪਹਿਰਾਵੇ ਨਾਲ ਪ੍ਰਭਾਵਿਤ ਨਹੀਂ ਹੋਏ ਉਸ ਨੇ ਕਿਹਾ ਕਿ ਪਹਿਰਾਵੇ ਦੇ ਨਾਲ ਨਾਲ ਵਧੀਆ ਮੈਨਰ,ਗਿਆਨ ,ਵਿਦਵਤਾ ਅਤੇ ਸੰਚਾਰ ਦਾ ਤਰੀਕਾ ਵੀ ਕਿਸੇ ਨੂੰ ਹੋਰ ਵਧੇਰੇ ਪ੍ਰਭਾਵਿਤ ਕਰਦੇ ਹਨ।ਸੋ ਮਨੁੱਖ ਵੱਲੋ ਆਪਣੀ ਸਖਸੀਅਤ ਦੇ ਸਰਵਪੱਖੀ ਵਿਕਾਸ ਲਈ ਲਗਾਤਾਰ ਯਤਨ ਅਮਲੀ ਰੂਪ ਵਿੱਚ ਕਰਨੇ ਚਾਹੀਦੇ ਹਨ।ਆਪਣੀ ਸਖਸੀਅਤ ਦਾ ਪ੍ਰਭਾਵ ਵਿਲੱਖਣ ਰੱਖ ਸਕਦੇ ਹੋ ਅਤੇ ਦੂਸਰਿਆ ਨੂੰ ਪ੍ਰਭਾਵਿਤ ਕਰ ਸਕਦੇ ਹੋ।

## ਭਾਰਤ ਦੀ ਪਹਿਲੀ ਅਧਿਆਪਕਾ ਮਾਤਾ ਸਵਿੱਤਰੀ ਬਾਈ ਫੂਲੇ ਜੀ ਦਾ ਪ੍ਰੀਨਿਰਵਾਣ ਦਿਵਸ ਅੰਬੇਡਕਰ ਚੌਕ ਜਗਰਾਉਂ ਵਿਖੇ ਮਨਾਇਆ

ਵਰਲਡ ਪੰਜਾਬੀ ਟਾਈਮਜ਼

ਜਗਰਾਉਂ 10 ਮਾਰਚ : ਮਿਤੀ 10 ਮਾਰਚ ਦਿਨ ਐਤਵਾਰ ਨੂੰ ਭਾਰਤ ਦੀ ਪਹਿਲੀ ਅਧਿਆਪਕਾ ਨੂੰ ਯਾਦ ਕੀਤਾ ਗਿਆ। ਮਹਾਂਰਾਸ਼ਟਰ ਦੇ ਮਹਾਨ ਕਰਾਂਤੀਕਾਰੀ ਸਮਾਜ ਸੁਧਾਰਕ ਮਹਾਤਮਾ ਜੋਤੀਬਾ ਫੂਲੇ ਦੀ ਪਤਨੀ ਨੇ ਆਪਣੇ ਪਤੀ ਨਾਲ ਰਲ਼ ਕੇ ਔਰਤਾਂ ਅਤੇ ਕਿਸਾਨਾਂ ਮਜਦੂਰਾਂ ਲਈ 1848ਈ:ਵਿੱਚ ਪਹਿਲਾ ਸਕੂਲ ਖੋਲ੍ਹਿਆ। ਫੇਰ ਇੱਕ ਤੋਂ ਬਾਅਦ ਇੱਕ ਅਨੇਕਾਂ




ਸਕੂਲ ਖੋਲ੍ਹੇ ਅਤੇ ਗੁਲਾਮ ਅਨਪੜ੍ਹ ਬਹੁਜਨ ਸਮਾਜ ਵਿੱਚ ਸਿੱਖਿਆ ਦੀ ਲਹਿਰ ਪੈਦਾ ਕੀਤੀ।

ਇਹਨਾਂ ਦਾ ਜਨਮ 3 ਜਨਵਰੀ1831ਈ: ਨੂੰ ਮਹਾਂਰਾਸ਼ਟਰ ਵਿੱਚ ਹੋਇਆ ਅਤੇ ਦਿਹਾਂਤ 10 ਮਾਰਚ 1897 ਈ: ਵਿੱਚ ਸਮਾਜ ਸੇਵਾ ਅਤੇ ਸਿੱਖਿਆ ਦੀ ਜੋਤ ਜਗਾਉਂਦਿਆਂ ਹੋਇਆ। ਇਸ ਮਹਾਨ ਅਧਿਆਪਕਾ ਬਾਰੇ ਡਾ.ਸੁਰਜੀਤ ਸਿੰਘ ਦੌਧਰ ਜੀ ਨੇ,ਪ੍ਰਧਾਨ ਅਮਰਜੀਤ ਸਿੰਘ ਚੀਮਾ,ਮਾ.ਰਣਜੀਤ ਸਿੰਘ ਹਠੂਰ ਅਤੇ ਡਾ.ਜਸਵੀਰ ਸਿੰਘ ਨੇ ਜਾਣਕਾਰੀ ਦਿੱਤੀ। ਅਤੇ ਉਹਨਾਂ ਨੂੰ ਸ਼ਰਧਾਪੂਰਵਕ ਸ਼ਰਧਾਂਜਲੀ ਭੇਂਟ ਕੀਤੀ ਗਈ।

ਇਸ ਮੌਕੇ,ਸ ਘੁਮੰਡਾ ਸਿੰਘ,ਸ ਸੁਰਿੰਦਰ ਸਿੰਘ ਢੋਲਣ,ਸਰਪੰਚ ਦਰਸ਼ਨ ਸਿੰਘ ਪੋਨਾ,ਤਰਸੇਮ ਸਿੰਘ ਅਲੀਗੜ੍ਹ, ਅਮਨਦੀਪ ਸਿੰਘ ਗੁੜ੍ਹੇ,ਮਾ.ਸ਼ਿੰਗਾਰਾ ਸਿੰਘ, ਮੈਨੇਜਰ ਬਲਵਿੰਦਰ ਸਿੰਘ, ਇੰਸਪੈਕਟਰ ਮਹਿੰਦਰ ਸਿੰਘ, ਮਾ.ਜਗਸੀਰ ਸਿੰਘ ਹਠੂਰ,ਪ੍ਰਿੰਸੀਪਲ ਗੁਰਦੀਪ ਸਿੰਘ,ਸ ਮਹਿੰਦਰ ਬੀਏ, ਸ ਸੁਰਜੀਤ ਸਿੰਘ ਜਗਰਾਉਂ ਅਤੇ ਹਰਪ੍ਰੀਤ ਸਿੰਘ ਆਦਿ ਮੈਂਬਰ ਹਾਜ਼ਰ ਸਨ

## || ਸਮੇਂ ਨੂੰ ਸੰਭਾਲ ||



ਸਮੇਂ ਦੇ ਨਾਲ ਨਾ ਖੇਡ ਬੰਦਿਆ।
ਇਹ ਚਲਦਾ ਹੈ ਆਪਣੀ ਚਾਲ।।

ਕਦਰ ਕਰ ਲਾ ਸਮਾਂ ਰਹਿੰਦਿਆ।
ਇਹ ਕਰ ਦੇਵੇ ਫਿਰ ਮੰਦੜੇ ਹਾਲ।।

ਪੈਰੀਂ ਨਾ ਆਵੇ ਸਮੇਂ ਦਾ ਟੰਗਿਆ।
ਭੁੱਲ ਜਾਣਗੇ ਜੋ ਜੰਮੇ ਤੇਰੇ ਨਾਲ।।

ਰਹਿੰਦਾ ਓਸਦਾ ਸੂਰਜ ਚੜ੍ਹਿਆ।
ਜੋ ਕਰਦਾ ਹੈ ਇਹ ਦੀ ਸੰਭਾਲ।।

ਚੇਹਰਾ ਓਸਦਾ ਸਦਾ ਰਹੇ ਖਿੜਿਆ।
ਜੋ ਚੱਲਦਾ ਹੈ ਇਹ ਦੇ ਨਾਲ-ਨਾਲ।।

ਸਿੱਕਾ ਓਸਦਾ ਸੰਸਾਰ ਵਿੱਚ ਚੱਲਿਆ।
ਸੂਦ ਵਿਰਕ ਸਮੇਂ ਦਾ ਜਿਨ੍ਹੇ ਪੱਲਾ ਫੜਿਆ।

ਵਰਲਡ ਪੰਜਾਬੀ ਟਾਈਮਜ਼
ਮਹਿੰਦਰ ਸੂਦ ਵਿਰਕ